# ਸਾਂਝੀ ਵਿਰਾਸਤ

ਅੰਕ 48 ਜਿਲਦ 4 1 ਪੋਹ 557 ( 14 ਦਸੰਬਰ 2025 )

ਵਿਸ਼ੇਸ਼ ਅੰਕ - ਬਹਾਦਰ ਸਾਹਿਬਜ਼ਾਦਿਆਂ ਦੀਆਂ ਅਦੁਤੀ ਸ਼ਹਾਦਤਾਂ ਨੂੰ ਸਮਰਪਿਤ



## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ

(1-ਪੋਹ 557 / 14-ਦਸੰਬਰ 2025 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਇੱਕ ਬੇਮਿਸਾਲ ਲਾਸਾਨੀ ਸ਼ਹਾਦਤ | ਡਾ. ਸਰਦਾਰ ਇੰਦਰਜੀਤ ਸਿੰਘ ਵਾਸੂ | 7 |
| 5. | ਗੁਰੂ ਸਾਹਿਬ 'ਤੇ ਸ਼ਹੀਦ ਸਿੱਖਾਂ ਦੀਆਂ ਦੇਹਾਂ ਦੀ ਸੰਭਾਲ | ਸਰਦਾਰ ਜਸਵੰਤ ਸਿੰਘ ਸੇਖੋਂ | 9 |
| 6. | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨ ਦਾ ਸੰਕਲਪ | ਡਾ. ਸਰਦਾਰ ਦਲਜੀਤ ਸਿੰਘ | 11 |
| 7. | ਛਲਣੀ ਹੋ ਗਿਆ ਵੇਖ ਕਲੇਜਾ ਪਾਪੀ ਦੇਣ ਤਸੀਹੇ ਜੀ | ਸ੍ਰ. ਜਸਵੀਰ ਸ਼ਰਮਾ ਦੱਦਾਹੂਰ | 15 |
| 8. | ਕਸ਼ਮੀਰੀ ਪੰਡਤਾਂ ਦੀ ਪੁਕਾਰ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 17 |
| 9. | ਧੰਨ ਧੰਨ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 18 |
| 10. | ਸ਼ਹਾਦਤ ਨੂੰ ਸਿਜਦਾ | ਸਰਦਾਰਨੀ ਗੁਰਨਾਮ ਕੌਰ | 21 |
| 11. | ਦੇ ਸਿੱਖਿਆ ਗੋਬਿੰਦ ਰਾਇ ਨੂੰ | ਸਰਦਾਰਨੀ ਗੁਰਜੀਤ ਕੌਰ ਅਜਨਾਲਾ | 22 |
| 12. | ਹਿੰਦ ਦੀ ਚਾਦਰ | ਸਰਦਾਰ ਸੁਖਮੰਦਰ ਸਿੰਘ ਗਿੱਲ | 23 |
| 13. | ਗੁਰੂ ਗੋਬਿੰਦ ਸਿੰਘ ਜੀ : ਅਦੁਤੀ ਚਿੰਤਨ ਅਤੇ ਵਰਦਾਨ | ਡਾ. ਸਰਦਾਰ ਕਾਬਲ ਸਿੰਘ | 24 |
| 14. | ਡੂਢ ਕੋਰੜਾ ਛੰਦ-ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ ਜੱਗ ਤੇ ਮਿਸਾਲ ਨਾ | ਸਰਦਾਰ ਜਸਵਿੰਦਰ ਸਿੰਘ ਰੁਪਾਲ | 27 |
| 15. | ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ | ਸਰਦਾਰ ਜਸਵਿੰਦਰ ਸਿੰਘ ਰੁਪਾਲ | 29 |
| 16. | ਪਹਲ (PEHEL) Punjab Education, Health and Employment Leher (By Global Sikh Council) | ਸਰਦਾਰ ਗੁਲਬਰਗ ਸਿੰਘ ਬਾਸੀ ਅਤੇ ਡਾ. ਸਰਦਾਰ ਕਾਬਲ ਸਿੰਘ | 33 |
| 17. | ਗੁਰਦੁਆਰਿਆਂ ਲਈ ਸੁਝਾਅ - ਗਲੋਬਲ ਸਿੱਖ ਕੌਂਸਿਲ | ਡਾ. ਸਰਦਾਰ ਕਾਬਲ ਸਿੰਘ | 35 |
| 18. | ਜੱਸੀ ਅਤੇ ਜਲਗਾਹਾਂ (ਲੇਖਕ - ਡਾ. ਡੀ. ਪੀ. ਸਿੰਘ) | ਸਮੀਖਿਆਕਾਰ - ਬਲਜਿੰਦਰ ਮਾਨ | 36 |
| 19. | ਅੰਤਰ-ਰਾਸ਼ਟ੍ਰੀ ਬਾਲ ਕਵੀ ਦਰਬਾਰ | ਈ-ਦੀਵਾਨ ਕੈਲਗਰੀ ਵਲੋਂ | 39 |
| 20. | ਨਿੱਕੀਆਂ ਜਿੰਦਾਂ ਵੱਡਾ ਸਾਕਾ | ਸਰਦਾਰ ਅਮਨਪ੍ਰੀਤ ਸਿੰਘ ਦੁਲੱਟ | 42 |
| 21. | ਸੋਹਣੇ ਸ਼ਬਦ ਸੋਹਣੇ ਅੱਖਰਾਂ ਵਿਚ (Calligraphy) | ਸਰਦਾਰਨੀ ਮਨਿੰਦਰ ਕੌਰ | 43 |
| 22. | Convergence of Sacred Visions | Dr Sardar D. P. Singh | 45 |
| 23. | Hakeem Allah Yaar Khan Jogi | Prof Dr Surjit Singh Bhatti | 46 |
| 24. | Editorial and Advisory Boards | Sanjhi Virasat | 51 |

## ਸੰਪਾਦਕੀ ਨੋਟ

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਪੋਹ ਦਾ ਮਹੀਨਾ ਹਮੇਸ਼ਾਂ 14 ਦਸੰਬਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਦੇ ਆਧਾਰ ਤੇ ਹੁੰਦੀਆਂ ਹਨ। ਇਹ ਧਰਤੀ ਦੇ ਸੂਰਜ ਦੁਵਾਲੇ ਇੱਕ ਚੱਕਰ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ (ਪ੍ਰਚਲਿਤ ਅੰਗਰੇਜ਼ੀ ਮਹੀਨਿਆਂ ਵਿਚ ਵੀ) ਬਦਲਦੀਆਂ ਨਹੀਂ। ਪੋਹ ਮਹੀਨੇ ਦੀ 8 ਤਾਰੀਖ (21 ਦਸੰਬਰ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਦੇ ਜੰਗ ਵਿਚ ਬੜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ 13 ਪੋਹ (26 ਦਸੰਬਰ) ਨੂੰ ਸਰਹੰਦ ਵਿਖੇ ਨੀਹਾਂ ਵਿਚ ਚਿਨਵਾ ਦਿੱਤੇ ਗਏ ਸਨ ਕਿਉਂਕਿ ਉਨ੍ਹਾਂ ਇਸਲਾਮ ਕਬੂਲ ਨਹੀਂ ਕੀਤਾ ਅਤੇ ਸਿੱਖੀ ਸਿਦਕ ਨਿਬਾਹਿਆ। 23 ਪੋਹ (5 ਜਨਵਰੀ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਹੈ।

ਦਸੰਬਰ 2025 ਦੇ ਇਸ ਅੰਕ ਨਾਲ "ਸਾਂਝੀ ਵਿਰਾਸਤ" ਮੈਗਜ਼ੀਨ ਨੂੰ ਛਪਦਿਆਂ ਚਾਰ ਸਾਲ ਪੂਰੇ ਹੋ ਗਏ ਹਨ। ਇਸ ਲਈ ਪਾਠਕਾਂ, ਲੇਖਕਾਂ, ਸਲਾਹਕਾਰਾਂ ਅਤੇ ਸੰਪਾਦਕੀ ਬੋਰਡ ਮੈਂਬਰਾਂ ਦੇ ਸਹਿਯੋਗ ਲਈ ਬਹੁਤ ਧੰਨਵਾਦ ਹੈ। ਤਕਨੀਕੀ ਸੰਪਾਦਕ ਡਾ. ਰਾਜਬੀਰ ਸਿੰਘ ਭੱਟੀ ਦੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਜਾਣਾ ਬਣਦਾ ਹੈ।

"**ਸਾਂਝੀ ਵਿਰਾਸਤ**" ਦਾ ਇਹ ਅੰਕ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਬਲਿਦਾਨ ਦੇ ਸਤਿਕਾਰ ਵਿਚ ਸਮਰਪਿਤ ਕੀਤਾ ਜਾ ਰਿਹਾ ਹੈ। ਸਾਰੇ ਲੇਖਕਾਂ, ਐਡੀਟੋਰੀਅਲ ਬੋਰਡ ਮੈਂਬਰਾਂ ਅਤੇ ਸਲਾਹਕਾਰਾਂ ਦਾ ਧਨੰਵਾਦ ਹੈ।

ਲਿਖਤਾਂ ਅਤੇ ਸੁਝਾਵਾਂ ਲਈ ਪਾਠਕਾਂ ਦਾ ਧੰਨਵਾਦ।

ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

ੴ ਸਤਿਗੁਰ ਪ੍ਰਸਾਦਿ॥

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥14॥

**ਵਿਆਖਿਆ** : ਪੋਹ ਦੇ ਮਹੀਨੇ ਵਿਚ ਅਤਿ ਦੀ ਸਰਦੀ ਪੈਂਦੀ ਹੈ ਜਿਸ ਨਾਲ ਬਨਸਪਤੀ ਦਾ ਰਸ ਸੁੱਕ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਵਾਹਿਗੁਰੂ ਦਾ ਸਿਮਰਨ ਭੁਲ ਜਾਵੇ ਤਾਂ ਮਨੁੱਖ ਦਾ ਜੀਵਨ ਵੀ ਬੇਰਸ ਹੋ ਜਾਂਦਾ ਹੈ। ਉਸ ਵਿਚ ਕਠੋਰਤਾ ਅਤੇ ਰੁੱਖੇਪਨ ਦੀ ਠੰਡ ਵਿਆਪ ਜਾਂਦੀ ਹੈ। ਮਨ ਤੇ ਤਨ ਵਿਚ ਪ੍ਰਮੇਸ਼ਰ ਦੀ ਯਾਦ ਦਾ ਨਿੱਘ ਨਹੀਂ ਰਹਿੰਦਾ। ਪਰ ਜਦੋਂ ਮਨੁੱਖ ਗੁਰੂ ਦੇ ਉਪਦੇਸ਼ ਗੁਰਬਾਣੀ ਦਾ ਰਸ ਮਾਣਨ ਲਗ ਜਾਂਦਾ ਹੈ ਤਾਂ ਉਸ ਵਿਚ ਨਿੱਘਾਪਨ ਆ ਜਾਂਦਾ ਹੈ। ਫ਼ਿਰ ਉਸ ਨੂੰ, ਅੰਡਿਆਂ, ਮਾਂ ਦੇ ਗਰਭ, ਸੀਲਨ ਅਤੇ ਧਰਤੀ ਵਿਚੋਂ ਉਗੱਣ ਵਾਲੇ ਚਾਰੇ ਖਾਣੀਆਂ ਦੇ ਜੀਵਾਂ ਵਿਚ ਰੱਬ ਦੀ ਜੋਤਿ ਦਿਸਣ ਲਗ ਪੈਂਦੀ ਹੈ। ਉਹ ਕਰਤੇ ਦੇ ਇਸ ਜਗਤ ਨਾਲ ਸਨੇਹ ਕਰਨ ਲਗ ਜਾਂਦਾ ਹੈ। ਗੁਰੂ ਜੀ ਸੰਸਾਰ ਦੀ ਨਿਸ਼ਠੁਰਤਾ ਤੋਂ ਬਚਣ ਲਈ ਦਇਆ ਤੇ ਦਾਤੇ ਵਾਹਿਗੁਰੂ ਪਾਸ ਬੇਨਤੀ ਕਰਨ ਦੀ ਪ੍ਰੇਰਨਾ ਕਰਦੇ ਹਨ ਜਿਸ ਨਾਲ ਜੀਵਨ ਵਿਚ ਪ੍ਰਭੂ ਦੇ ਪ੍ਰੇਮ ਦਾ ਰਸ ਆਵੇਗਾ।

ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)



ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਪੰਜਾਬ)

ਬਾਰਹ ਮਾਹ ਦੇ ਸਿਰਲੇਖ ਹੇਠ ਪੋਹ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਪੋਹ ਦੇ ਇਸ ਠੰਢੇ ਠਾਰ ਅਤੇ ਕੱਕਰ-ਪਾਲੇ ਦੇ ਮਹੀਨੇ ਵਿਚ ਜਿਸ ਤਰ੍ਹਾਂ ਇੱਕ ਦੁਨਿਆਵੀ ਇਸਤ੍ਰੀ ਆਪਣੇ ਪਤੀ ਦੇ ਸੀਨੇ ਨਾਲ ਲਗ ਕੇ ਨਿੱਘ ਮਹਿਸੂਸ ਕਰਦੀ ਹੈ, ਇਸੇ ਤਰਾਂ ਇੱਕ ਜੀਵ-ਇਸਤ੍ਰੀ ਜੋ ਪਰਮਾਤਮਾ ਦੇ ਨਾਮ ਨਾਲ ਜੁੜੀ ਰਹਿੰਦੀ ਹੈ ਉਸ ਨੂੰ ਇਸ ਪੋਹ ਦੇ ਮਹੀਨੇ ਦੀ ਠੰਡ ਮਹਿਸੂਸ ਨਹੀਂ ਹੁੰਦੀ। ਉਹ ਉਸ ਨੂੰ ਆਪਣੇ ਨਾਲੋਂ ਕਦੇ ਵਿੱਛੋੜਦਾ ਨਹੀਂ ਅਤੇ ਸਾਰੇ ਸੁੱਖ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਉਸ ਨੂੰ ਪੋਹ ਦੀ ਠੰਡੀ ਰੁੱਤ ਵੀ ਸੁਹਾਵਣੀ ਲੱਗਦੀ ਹੈ।

ਪੋਹ ਮਹੀਨੇ ਦੇ ਪਾਠ ਦੀ

**ਕਾਵਿਕ ਵਿਆਖਿਆ**



ਇੰਜੀ. ਸਰਦਾਰ
ਕਰਮਜੀਤ ਸਿੰਘ ਨੂਰ

**ਉਸ ਜੀਵ ਇਸਤ੍ਰੀ ਨੂੰ , ਠੰਡ ਪੋਹ ਦੀ, ਪੋਹ ਨਹੀਂ ਸਕਦੀ,**
**ਪਤੀ ਪਰਮਾਤਮਾ ਨੇ ਜਿਸ ਨੂੰ ਗਲ ਦੇ ਨਾਲ ਲਾਇਆ ਹੈ ਙ**
**ਜੀਹਦਾ ਹਿਰਦਾ ਹਮੇਸ਼ਾ ਉਸ ਦੇ ਚਰਨਾਂ ਨਾਲ ਜੁੜਿਆ ਹੈ,**
**ਜਿਹਨੇ ਹਰ ਸਾਹ ਉਸਦੀ ਯਾਦ ਦੇ ਅੰਦਰ ਬਿਤਾਇਆ ਹੈਙ**

**ਹੈ ਤੱਕਿਆ ਆਸਰਾ ਗੋਬਿੰਦ ਤੇ ਗੁਪਾਲ ਦਾ ਜਿਸ ਨੇ,**
**ਪ੍ਰਭੂ ਮਾਲਕ ਦੀ ਸੇਵਾ ਕਰਕੇ ਉਸ ਨੇ ਲਾਭ ਹੈ ਪਾਇਆ ਙ**
**ਓਸ ਜੀਵ-ਇਸਤ੍ਰੀ ਨੂੰ ਕਦੇ ਮਾਇਆ ਪੋਹ ਨਹੀਂ ਸਕਦੀ,**
**ਗੁਰੂ ਦੇ ਨਾਲ ਮਿਲ ਕੇ ਜਿਸ, ਪ੍ਰਭੂ ਦੇ ਗੁਣਾਂ ਨੂੰ ਗਾਇਆਙ**

**ਹੈ ਜਿਸ ਤੋਂ ਹੋਈ ਪੈਦਾ ਨਾਲ ਉਸ ਦੇ ਜੁੜੀ ਹੈ ਰਹਿੰਦੀ,**
**ਤੇ ਸੱਚੇ ਪ੍ਰੇਮ ਵਿਚ ਉਸ ਦੇ ਸਦਾ ਰਹਿੰਦੀ ਸਮਾਈ ਹੈਙ**
**ਓਸ ਦਾ ਹੱਥ ਫੜ੍ਹ ਕੇ ਪ੍ਰਭੂ ਆਪਣੇ ਨਾਲ ਲਾ ਲੈਂਦੈ,**
**ਉਹਦੇ ਚਰਨਾਂ ਤੋਂ ਫਿਰ ਉਹ ਕਦੇ ਵੀ ਵਿਛੜ ਨਾ ਪਾਈ ਹੈਙ**

**ਜੋ ਗਹਿਰਾ ਹੈ ਬੜਾ ਤੇ ਪਹੁੰਚ ਸਾਡੀ ਤੋਂ ਪਰੇ ਵੀ ਹੈ,**
**'ਜਿਹੇ ਸੱਜਣ ਤੋਂ ਲੱਖ ਵਾਰੀ ਅਸੀਂ ਕੁਰਬਾਨ ਜਾਂਦੇ ਹਾਂਙ**
**ਪ੍ਰਭੂ ਨੂੰ ਲਾਜ ਦਰ ਤੇ ਪਏ ਦੀ ਰੱਖਣੀ ਹੀ ਪੈਂਦੀ ਹੈਙ**
**ਹੇ ਨਾਨਕ; ਜਦੋਂ ਉਸ ਦੇ ਦਰ ਤੇ ਆਪਣਾ ਸਿਰ ਝੁਕਾਂਦੇ ਹਾਂਙ**

**ਮਹੀਨਾ ਪੋਹ ਦਾ ਉਸ ਨੂੰ ਸੁਹਾਨਾ ਸਦਾ ਲੱਗਦਾ ਹੈਙ**
**ਉਹ ਬੇਪਰਵਾਹ, ਬਾਰਿਸ਼ ਜੇਸ ਤੇ ਸੁਖਾਂ ਦੀ ਕਰ ਦੇਂਦਾ**
**ਤੇ ਬਖਸ਼ਿਸ਼ ਨਾਲ ਭਰ ਦੇਂਦਾ।**

# ਇੱਕ ਬੇਮਿਸਾਲ ਲਾਸਾਨੀ ਸ਼ਹਾਦਤ

ਡਾ. ਸਰਦਾਰ ਇੰਦਰਜੀਤ ਸਿੰਘ ਵਾਸੂ

ਠੀਕੁਰ ਫੋਰਿ ਦਿਲੀਸਿ ਸਿਰਿ ਕਰ, ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥ ... (ਬਚਿੱਤਰ ਨਾਟਕ)



ਇਹ ਜੋ ਸੀਸ ਕਟਾਣ ਦੀ ਕਿਰਿਆ।
ਕੌਲ ਕਰਾਰ ਨਿਭਾਣ ਦੀ ਕਿਰਿਆ।
ਵਾਅਦਾ ਇਹ ਪੁਗਾਣ ਦੀ ਕਿਰਿਆ।
ਦੂਜਾ ਧਰਮ ਬਚਾਉਣ ਦੀ ਕਿਰਿਆ।

ਮੌਤ ਨਾਲ ਅੱਖ ਮਿਲਾਣ ਦੀ ਕਿਰਿਆ।
ਪ੍ਰੇਮ ਗਲੀ ਵਿੱਚ ਜਾਣ ਦੀ ਕਿਰਿਆ।
ਤਲੀ ਤੇ ਸੀ ਟਿਕਾਣ ਦੀ ਕਿਰਿਆ।
ਆਪਣਾ ਆਪ ਲੁਟਾਣ ਦੀ ਕਿਰਿਆ।

ਸੂਲ਼ੀ ਤੇ ਮੁਸਕਾਣ ਦੀ ਕਿਰਿਆ।
ਕਾਲ਼ ਦਾ ਭੈਅ ਮੁਕਾਣ ਦੀ ਕਿਰਿਆ।
ਮੌਤ ਸੰਗ ਪਰਨਾਉਣ ਦੀ ਕਿਰਿਆ।
ਗਲ਼ੋਂ ਗੁਲਾਮੀ ਲਾਹੁਣ ਦੀ ਕਿਰਿਆ।

ਆਪਾ ਭੇਟ ਚੜ੍ਹਾਣ ਦੀ ਕਿਰਿਆ।
ਨਵਾਂ ਮਨੁੱਖ ਉਪਜਾਉਣ ਦੀ ਕਿਰਿਆ।
ਮਨੁੱਖੀ ਹੱਕ ਬਚਾਣ ਦੀ ਕਿਰਿਆ।
ਮਰ ਕੇ ਜੀਵਨ ਪਾਣ ਦੀ ਕਿਰਿਆ।

ਜੰਞੂ ਤਿਲਕ ਬਚਾਣ ਦੀ ਕਿਰਿਆ।
ਗੌਰਵ ਸ਼ਾਨ ਬਨਾਣ ਦੀ ਕਿਰਿਆ।
ਸੁੱਤੀ ਕੌਮ ਜਗਾਣ ਦੀ ਕਿਰਿਆ।
ਬਾਗੀ ਰਾਹ ਅਪਨਾਉਣ ਦੀ ਕਿਰਿਆ।

ਆਪਣਾ ਵਤਨ ਬਚਾਉਣ ਦੀ ਕਿਰਿਆ।
ਖ਼ਿਜ਼ਾਵਾਂ ਤਾਈਂ ਮਿਟਾਣ ਦੀ ਕਿਰਿਆ।
ਬਾਗ਼ ਬਹਾਰਾਂ ਲਿਆਉਣ ਦੀ ਕਿਰਿਆ।
ਨਵੇਂ ਹੀ ਫੁੱਲ ਖਿੜਾਉਣ ਦੀ ਕਿਰਿਆ।

ਅਮਨ ਦੀ ਹਵਾ ਚਲਾਣ ਦੀ ਕਿਰਿਆ।
ਕੁੱਲ ਹਨੇਰੇ ਮਿਟਾਣ ਦੀ ਕਿਰਿਆ।
ਰਾਹਾਂ ਨੂੰ ਰੁਸ਼ਨਾਣ ਦੀ ਕਿਰਿਆ।
ਕ੍ਰਾਂਤੀ ਇਕ ਲਿਆਉਣ ਦੀ ਕਿਰਿਆ।

ਸੀਨੇ ਅੱਗ ਲਗਾਣ ਦੀ ਕਿਰਿਆ।
ਵਲਵਲੇ ਤਾਈਂ ਮਘਾਣ ਦੀ ਕਿਰਿਆ।
ਇਹ ਤਾਂ ਯੁੱਗ ਪਲਟਾਉਣ ਦੀ ਕਿਰਿਆ।
ਰਾਜਾਂ ਨੂੰ ਬਦਲਾਉਣ ਦੀ ਕਿਰਿਆ।

ਖ਼ਾਲਸਾ ਰਾਜ ਲਿਆਣ ਦੀ ਕਿਰਿਆ।
ਬੇਗ਼ਮ ਪੁਰਾ ਵਸਾਉਣ ਦੀ ਕਿਰਿਆ।
ਹਲੇਮੀ ਰਾਜ ਲਿਆਣ ਦੀ ਕਿਰਿਆ।
ਹਸਤੀ ਤਾਈਂ ਬਚਾਣ ਦੀ ਕਿਰਿਆ।

ਹੋਰ ਕੋਈ ਇਹਦੇ ਤੁੱਲ ਨਹੀਂ ਹੈ।
" ਵਾਸੂ " ਇਹਦਾ ਮੁੱਲ ਨਹੀਂ ਹੈ।

**********************

## ਗੁਰੂ ਸਾਹਿਬ ਅਤੇ ਸ਼ਹੀਦ ਸਿੱਖਾਂ ਦੀਆਂ ਦੇਹਾਂ ਦੀ ਸੰਭਾਲ

ਸਰਦਾਰ ਜਸਵੰਤ ਸਿੰਘ ਸੇਖੋਂ, ਕੈਲਗਰੀ (ਕੈਨੇਡਾ)

ਦੋਹਰਾ

ਜਦੋਂ ਗੁਰ ਸਿੱਖਾਂ ਕੰਨ ਪਈ, ਮੁਗਲਾਂ ਦੀ ਮੰਦ ਚਾਲ ।
ਜੋਸ਼ ਗੁੱਸੇ ਸੰਗ ਆ ਗਿਆ, ਮਨਾਂ ਦੇ ਵਿੱਚ ਭੁਚਾਲ ।

ਵਾਰ

ਦਿਲਵਾਈ ਮੁਹੱਲੇ ਵਿੱਚ ਸੀ
ਸਿੱਖ ਪਹੁੰਚੇ ਧਰਮ ਸਾਲ ।
ਸੀ ਜੋਸ਼ ਉਬਾਲੇ ਖਾ ਰਿਹਾ,
ਸੁਣੀ ਔਰੰਗੇ ਦੀ ਜਾਂ ਚਾਲ ।

''ਭਾਗਾਂ'' ਪੁੱਤਰ ''ਨਾਨੂੰ'' ਛੀਂਬੇ ਦਾ
ਜਿਹੜਾ ਹੈ ਭਰਪੂਰ ਜਮਾਲ ।
''ਆਗਿਆ ਰਾਮ'' ਹੈ ''ਜੇਤੇ'' ਭਾਈ ਦਾ
ਜਿਹੜੇ ਥੰਮ ਦੇਂਵਦੇ ਕਾਲ ।

''ਖੇਮ ਚੰਦ'' ਹੈ ਉਦੇ ਰਠੌਰ ਦਾ
ਇਹਦੀ ਫੁਰਤੀ ਅਤਿ ਕਮਾਲ।
''ਬਾਘਾ'' ਪੁੱਤਰ ''ਤੁਲਸੀ ਭਾਈ ਦਾ''
ਉਹ ਰੱਖਦੈ ਓਟ ਅਕਾਲ।



ਤਿੰਨ ਪੁੱਤਰ ''ਲੱਖੀ ਸ਼ਾਹ'' ਨੇ
ਲਏ ਵਿੱਚ ਕੁਠਾਲੀ ਢਾਲ ।
ਭਾਈ ''ਨਗਾਈਆ'' ਹੇਮਾ ਭਾਈ ਵੀ
ਤੇ ਹਾੜ੍ਹੀ ਰਹੇ ਘਾਲਣਾ ਘਾਲ ।

ਧਰਮ ਸ਼ਾਲ ਚ' ਖਤਰਾ ਭਾਂਪ ਕੇ
ਬਦਲੇ ਸਭ ਨੇ ਝੱਟ ਖਿਆਲ ।
ਘਰ ਪਹੁੰਚੇ "ਨਾਨੂੰ" ਭਾਈ ਦੇ
ਇਓਂ ਗਏ ਸਮੇਂ ਨੂੰ ਟਾਲ ।

ਯੋਧੇ ਆਖਣ ਗੁਰੂ ਸਰੀਰ ਨੂੰ
ਲਈਏ ਰਾਤੋ ਰਾਤ ਉਠਾਲ ।
ਦੇਣਾ ਅੰਗ ਨਾ ਇੱਕ ਸਰਕਾਰ ਨੂੰ
ਨਹੀਂ ਦੇਣਾ ਕੋਈ ਕੰਕਾਲ ।

ਭਾਈ "ਜੈਤਾ" ਗੁਰਬਖਸ਼ ਮੱਲ ਸੀ,
ਭੇਸ ਵਟਾ ਕੇ ਬਣੇ ਚੰਡਾਲ ।
ਇੱਕ ਹੱਥ ਫੜ ਲਈ ਟੋਕਰੀ
ਦੂਜੇ ਝਾੜੂ ਲਏ ਸੰਭਾਲ ।

ਪਹਿਲਾਂ ਮਤੀ, ਸਤੀ, ਭਾਈ ਦਿਆਲੇ ਦੇ
ਅੰਗ ਆਏ ਜਮਨਾ ਵਿੱਚ ਡਾਲ ।
ਗੱਡੇ ਕੁਤਵਾਲੀ ਕੋਲੋਂ ਲੰਘਣੇ
ਮੁੜਨੇ ਛੱਡ ਸਰਕਾਰੀ ਮਾਲ ।

ਕੀਤੀ ਮਰਦਾਂ ਮੱਦਦ ਅਕਾਲ ਨੇ
ਚਲਾਈ ਨ੍ਹੇਰੀ ਜਿਓਂ ਭੂਚਾਲ ।
ਗੱਡੇ ਜਮਨਾ ਕੰਢੇ ਰੋਕ ਕੇ
ਸੋਚਿਆ ਕਰਨੈ ਕਾਜ ਮਹਾਲ ।

ਪਲ ਪਲ ਮਗਰੋਂ ਦੱਸਦਾ ਐ
ਸੂਹੀਆ ਆਣ ਕੇ ਕੁੱਲ ਹਵਾਲ ।
ਸੂਰੇ ਗੱਡਿਆਂ ਕੋਲੇ ਪਹੁੰਚਗੇ
ਸ਼ਰਾਬੀ ਪਏ ਮੁਗਲ ਕੋਤਵਾਲ ।

ਫੁਰਤੀ ਵਰਤੀ ਨਾਨੂੰ ਜੈਤਾ ਜੀ
ਸੀਸ ਸਾਂਭਿਆ ਵਿੱਚ ਰੁਮਾਲ ।
ਛੇ ਸਿੱਖਾਂ ਸੰਗ ਸਤਿਕਾਰ ਦੇ
ਦੇਹੀ ਗੱਡੇ ਲਈ ਬਹਾਲ ।

ਰਿਹਾ ਸਰੀਰ ਪਾਸ ਇੱਕ ਸਿੱਖ ਸੀ
ਮਾਰਗੇ ਪੰਜ ਹੋਰਾਂ ਤੇ ਛਾਲ।
ਸਸਕਾਰ ਕਰਿਆ ਰੀਤਾਂ ਨਾਲ ਸੀ
ਲਿਆ ਘਰ ਵਣਜਾਰੇ ਜਾਲ।

ਸੀਸ ਲੈ ਗਿਆ ਅਨੰਦਪੁਰ ਸਾਹਿਬ ਨੂੰ
ਜੈਤਾ ਗਿਆ ਧਰਮ ਨੂੰ ਪਾਲ ।
ਇਉਂ ਯੋਧੇ ਬਾਜ਼ੀ ਮਾਰ ਗਏ
ਚੱਲ ਚੀਤੇ ਦੀ ਉਹ ਚਾਲ ।

**************

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨ ਦਾ ਸੰਕਲਪ

ਡਾ. ਸਰਦਾਰ ਦਲਜੀਤ ਸਿੰਘ, ਕੈਲਗਰੀ (ਕੈਨੇਡਾ)



ਮਨੁੱਖੀ ਸਰੀਰ ਵਿਚ ਮਨ ਸਭ ਤੋਂ ਸੂਖਮ ਤੱਤ ਹੈ। ਧਰਮ ਦਾ ਰੱਹਸਵਾਦੀ ਅਨੁਭਵ ਇਸ ਦੀ ਗਤੀ ਨੂੰ ਜਾਣਨ ਦਾ ਇਕ ਮਾਤਰ ਸਾਧਨ ਹੈ ਜੋ ਅਸਲ ਵਿਚ ਮਨੁੱਖ ਦਾ ਪਰਮਾਤਮਾ ਨਾਲ ਨਿਜੀ ਸੰਬੰਧ ਹੀ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖੀ ਜੀਵਨ ਦੇ ਉਨ੍ਹਾਂ ਸੂਖਮ ਅਨੁਭਵਾਂ ਨੂੰ ਬਿਆਨ ਕਰਦੀ ਹੈ, ਜਿਸ ਨਾਲ ਮਨ ਜੋਤ ਸਰੂਪ ਹੋ ਜਾਂਦਾ ਹੈ। ਅਧਿਆਤਮ ਦਾ ਅਨੁਭਵ ਮਨ ਨੂੰ ਸਮਝਣ ਅਤੇ ਇਸ ਨੂੰ ਸਥਿਰ ਕਰਨ ਦਾ ਯਤਨ ਹੈ। ਗੁਰਬਾਣੀ ਮਨੁੱਖ ਦੇ ਮਨ ਨੂੰ ਹਕੀਕਤ ਦਾ ਰਾਹ ਦਰਸਾਉਂਦੀ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਮਨ ਨੂੰ ਸੰਬੋਧਨ ਕਰਕੇ ਇਸ ਨੂੰ ਮਾਇਆਵੀ ਪਰਪੰਚ ਵਿਚ ਫਸ ਕੇ ਖੁਆਰ ਹੋਣ ਤੋਂ ਵਰਜਦਿਆਂ ਪਰਮ ਚੇਤਨਾ ਵਿਚ ਲੀਨ ਹੋਣ ਦਾ ਰਾਹ ਦਰਸਾਇਆ ਹੈ। ਪ੍ਰਿੰ. ਗੰਗਾ ਸਿੰਘ ਦਾ ਕਥਨ ਹੈ, "ਮਨ ਬੜਾ ਸੂਖਮ ਹੈ ਜਿਸ ਕਰਕੇ ਉਹ ਅਤਿ ਸੂਖਮ ਅਸਰਾਂ ਨੂੰ ਭੀ ਕਬੂਲ ਕਰਦਾ ਹੈ। ਕੋਮਲ ਸਾਜ਼ਾਂ ਨੂੰ ਸਾਜਿੰਦੇ ਗਿਲਾਫ ਵਿਚ ਵਲ੍ਹੇਟ ਕੇ ਇਸ ਲਈ ਰੱਖਦੇ ਹਨ ਕਿ ਉਨ੍ਹਾਂ ਦੀਆਂ ਕੋਮਲ ਤਾਰਾਂ ਗਰਮੀ ਸਰਦੀ ਦੇ ਸੂਖਮ ਅਸਰ ਨਾਲ ਭੀ ਚੜ੍ਹ ਉਤਰ ਜਾਂਦੀਆਂ ਹਨ। ਮਨੁੱਖੀ ਮਨ ਭੀ ਕੋਮਲ ਜਿਹਾ ਸਾਜ਼ ਹੈ ਜੋ ਸੂਖਮ ਅਸਰਾਂ ਨਾਲ ਚੜ੍ਹ ਉਤਰ ਜਾਂਦਾ ਹੈ।"

ਅਕਾਲ ਪੁਰਖ ਦੇ ਦੋ ਰੂਪ ਹਨ ਨਿਰਗੁਣ ਤੇ ਸਰਗੁਣ। ਨਿਰਗੁਣ ਸੂਖਮ ਤੇ ਸਰਗੁਣ ਸਥੂਲ ਹੈ। ਸਾਡੇ ਵੀ ਦੋ ਵਜੂਦ ਹਨ-ਤਨ ਤੇ ਮਨ। ਤਨ ਸਥੂਲ ਹੈ ਤੇ ਮਨ ਸੂਖਮ। ਤਨ ਦਾ ਸੰਬੰਧ ਬਾਹਰੀ ਸੰਸਾਰ ਨਾਲ ਹੈ ਤੇ ਮਨ ਦਾ ਅੰਦਰ ਦੀ ਦੁਨੀਆਂ ਨਾਲ। ਬਾਹਰ ਭੱਟਕਣਾ ਹੈ ਅੰਦਰ ਸਥਿਰਤਾ।

ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਮਨ ਉਹ ਸ਼ਕਤੀ ਹੈ ਜਿਸ ਨਾਲ ਮਨੁੱਖ ਨੂੰ ਦੁਖ, ਸੁਖ, ਸੰਕਲਪ, ਵਿਕਲਪ, ਇੱਛਾ, ਰਾਗ, ਦ੍ਵੈਸ਼, ਬੋਧ ਅਤੇ ਵਿਚਾਰ ਦਾ ਅਨੁਭਵ ਹੁੰਦਾ ਹੈ। ਇਹ ਅਦ੍ਰਿਸ਼ ਸ਼ਕਤੀ ਮਨੁੱਖ ਦੇ ਸਰੀਰ ਦਾ ਬਹੁਤ ਹੀ ਸੂਖਮ ਅੰਸ਼ ਹੈ।" ਵਿਦਵਾਨਾ ਨੇ ਅੰਤਹਕਰਨ(ਭੀਤਰੀ ਇੰਦ੍ਰਯ) ਦੇ ਚਾਰ ਭੇਦ ਕੀਤੇ ਹਨ ਜਿਵੇਂ ਮਨ, ਬੁੱਧੀ, ਚਿੱਤ ਅਤੇ ਅਹੰਕਾਰ। ਮਨ ਦੇ ਵਿਕਾਰਾਂ ਨੂੰ ਮਾਨਸਿਕ ਰੋਗ ਕਿਹਾ ਜਾਂਦਾ ਹੈ। ਮਨੋਵਿਕਾਰਾਂ ਦੀ ਗਿਣਤੀ ਅਨੰਤ ਹੈ। ਮਨ ਇੰਦ੍ਰੀਆਂ ਨਾਲ ਸਯੁੰਕਤ ਹੋ ਕੇ ਜੀਵ ਨੂੰ ਵਿਸ਼ਿਆਂ ਦਾ ਭੋਗ ਕਰਵਾਉਂਦਾ ਹੈ। ਮਨ ਨੂੰ ਕਾਬੂ ਕਰਨ ਨਾਲ ਹੀ ਉਸ ਦੇ ਵਿਕਾਰ ਖ਼ਤਮ ਹੁੰਦੇ ਹਨ।

ਮਨ ਦਾ ਵਾਸਨਾ ਯੁਕਤ ਹੋਣਾ ਬੰਧਨ ਹੈ। ਇਸ ਦੇ ਵਾਸਨਾਵਾਂ ਤੋਂ ਛੁਟਕਾਰੇ ਨਾਲ ਹੀ ਮੁਕਤੀ ਸੰਭਵ ਹੈ। ਇਸ ਨੂੰ ਮਾਰਨ ਲਈ ਗੁਰੂ ਸਾਹਿਬਾਨ ਨੇ ਮੁੱਖ ਤੌਰ ਤੇ ਤਿੰਨ ਸਾਧਨ ਸੁਝਾਏ ਹਨ। ਮਨ ਰਾਹੀ ਮਨ ਨੂੰ ਮਾਰਨਾ, ਪਰਮਾਤਮਾ ਦੀ ਉਸਤਤ ਰਾਹੀ ਮਨ ਨੂੰ ਮਾਰਨਾ ਅਤੇ ਗੁਰੂ ਜਾਂ ਗੁਰੂ-ਸ਼ਬਦ ਰਾਹੀਂ ਮਨ ਨੂੰ ਮਾਰਨਾ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਮਨ ਦੀ ਸਥਿਤੀ ਦੇ ਕਈ ਪੱਖ ਉਜਾਗਰ ਕੀਤੇ ਹਨ। ਮਨ ਨੂੰ ਮੁੱਖ ਰੂਪ ਵਿਚ ਤਿੰਨ ਹਿੱਸਿਆਂ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਪਹਿਲਾ ਮਨ ਦੀ ਚੰਚਲਤਾ, ਦੂਸਰਾ ਵਿਕਾਰ ਗ੍ਰਸਤ ਹੋਣਾ ਅਤੇ ਤੀਸਰਾ ਪ੍ਰਭੂ ਨਾਮ ਰਾਹੀਂ ਇਸਦੀ ਬੰਦ ਖਲਾਸੀ। ਮਨ ਦਾ ਚਲਾਇਮਾਨ ਰਹਿਣਾ ਵਾਸਨਾਆਂ ਕਰਕੇ ਹੈ ਜੋ ਇਸਨੂੰ ਮੈਲਾ ਕਰਦੀਆਂ ਹਨ ਅਤੇ ਅਤ੍ਰਿਪਤ ਤ੍ਰਿਸ਼ਨਾਤਮਕ ਯਾਤਰਾ ਤੇ ਤੋਰੀ ਰੱਖਦੀਆਂ ਹਨ। ਇਹ ਭਟਕਣਾ ਉਦੋਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਜਦੋਂ ਜੀਵ ਸਚ ਦੇ ਦੂਸਰੇ ਪੱਖ ਨੂੰ ਜਾਣ ਲਵੇ। ਗੁਰੂ ਸਾਹਿਬ ਨੇ 59 ਸ਼ਬਦਾਂ ਅਤੇ 57 ਸਲੋਕਾਂ ਵਿਚ ਮਨ ਨੂੰ ਸਿੱਧੇ ਰੂਪ ਵਿਚ 66 ਵਾਰੀ ਸੰਬੋਧਨ ਕਰਦਿਆਂ ਉਸਦੇ ਨਕਾਰਾਤਮਕ ਅਤੇ ਮਾਇਆਵੀ ਜੰਜਾਲਾਂ ਵਿਚੋਂ ਮੁਕਤ ਹੋਣ ਦਾ ਰਾਹ ਦਰਸਾਇਆ ਹੈ। ਮੂਲ਼ ਰੂਪ ਵਿਚ ਮਨ ਹੀ ਹਰ ਤਰ੍ਹਾਂ ਦੇ ਅਨੁਭਵ ਕਰਨ ਵਾਲੀ ਸ਼ਕਤੀ ਹੈ। ਮਨ ਦਾ ਸੁਭਾਅ ਚੰਚਲ ਹੈ। ਇਕ ਜਗ੍ਹਾ ਟਿਕ ਕੇ ਰਹਿਣਾ ਇਸ ਦੀ ਫਿਤਰਤ ਨਹੀਂ। ਜਿਵੇਂ ਗੁਰੂ ਸਾਹਿਬ ਫੁਰਮਾਉਂਦੇ ਹਨ "ਚੰਚਲ ਮਨੁ ਦਹ ਦਿਸਿ ਕਉ ਧਾਵਤ।" ਇਸ ਦਾ ਕਾਰਨ ਲੋਭ, ਇੰਦ੍ਰਿਆਂ ਦਾ ਆਕਰਸ਼ਨ ਅਤੇ ਬਿਖਿਆ ਰਸ ਚੱਖਣ ਦੀ ਅਤ੍ਰਿਪਤ ਆਸਾ ਹੈ:

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥1॥ਰਹਾਉ॥ਆਸਾ ਮ:9, ਪੰ.411॥

ਵਾਸਨਾਵਾਂ ਨੂੰ ਅਨੁਭਵ ਕਰਨ ਤੋਂ ਬਾਅਦ ਉਸ ਪ੍ਰਤੀ ਖਿਚ ਵਧਦੀ ਜਾਂਦੀ ਹੈ, ਭਟਕਣਾ ਵਿਚ ਪਿਆ ਦੁਖੀ ਹੁੰਦਾ ਹੈ। ਮਨ ਨੂੰ ਜਿੰਨਾਂ ਮਰਜੀ ਸਮਝਾਉਣ ਦੀ ਕੋਸ਼ਿਸ਼ ਕਰੀਏ ਪਰ ਇਕ ਨਹੀਂ ਸੁਣਦਾ, ਦੁਰਮਤ ਵੱਲੋ ਮੂੰਹ ਨਹੀਂ ਮੋੜਦਾ:

ਯਹ ਮਨ ਨੈਕ ਨ ਕਹਿਓ ਕਰੈ॥ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥1॥ਰਹਾਉ॥ ਦੇਵਗੰਧਾਰੀ ਮ:9, ਪੰ.536॥

ਮਨ ਨੂੰ ਬਾਰ ਬਾਰ ਸਮਝਾਉਣ ਤੇ ਵੀ ਜਦੋਂ ਇਹ ਨਹੀ ਮੰਨਦਾ ਤਾਂ ਜਗਿਆਸੂ ਦੇ ਅੰਤਰ ਆਤਮੇ ਅਸੀਮ ਦੁਖ ਪ੍ਰਗਟ ਹੁੰਦਾ ਹੈ। ਦੁਖ ਦਾ ਅਨੁਭਵ ਹੀ ਉਸ ਲਈ ਸੰਸਾਰ ਵੱਲੋਂ ਉਪਰਾਮ ਹੋ ਕੇ ਪ੍ਰਭੂ ਅੱਗੇ ਤਰਲਾ ਲੈਣ ਲਈ ਪ੍ਰੇਰਣਾ ਸ੍ਰੋਤ ਬਣਦਾ ਹੈ:

ਮਾਈ ਮੈ ਕਿਹ ਬਿਧਿ ਲਖਉ ਗੁਸਾਈ॥
ਮਹਾ ਮੋਹ ਅਗਿਆਨ ਤਿਮਰ ਮਹਿ ਮਨ ਰਹਿਓ ਉਰਝਾਈ॥1॥ਰਹਾਉ॥ਸੋਰਠਿ ਮ:9, ਪੰ.632॥

ਗੁਰੂ ਸਾਹਿਬ ਨੇ ਮਨ ਦੀ ਸਮੱਸਿਆ ਨੂੰ ਬਹੁਤ ਗੰਭੀਰ ਦੱਸਿਆ ਹੈ। ਮਨ ਕੁੱਤੇ ਦੀ ਪੂਛ ਵਾਂਗ ਹਮੇਸ਼ਾ ਟੇਢਾ ਹੀ ਰਹਿੰਦਾ ਹੈ, "ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।" ਇਹ ਸਹੀ ਸਿੱਖਿਆ ਪੱਲੇ ਨਹੀਂ ਬੰਨਦਾ ਸਗੋਂ ਬੁਰੀ ਮਤ ਵਿਚ ਗਲਤਾਨ ਹੁੰਦਾ ਹੈ। ਇਸ ਬੇਵਸੀ ਵਿਚ ਵਿਸ਼ੇ ਵਿਕਾਰਾਂ ਵਾਲੀ ਦਲਦਲ ਤੋਂ ਕਿਵੇਂ ਰੋਕਿਆ ਜਾਏ? ਗੁਰੂ ਜੀ ਇਸ ਦਾ ਉੱਤਰ ਦਿੰਦਿਆ ਮਨ ਦੀ ਜਾਗ੍ਰਿਤੀ ਦਾ ਸੰਕੇਤ ਦਿੰਦੇ ਹਨ, "ਜਾਗ ਲੇਹੁ ਰੇ ਮਨਾ ਜਾਗ ਲੇਹੁ।" ਗਫਲਤ ਦੀ ਨੀਂਦ ਤੋਂ ਜਾਗੇ ਬਗੈਰ ਸਚ ਤੇ ਝੂਠ ਵਿਚ ਫਰਕ ਕਰਨਾ ਮੁਮਕਿਨ ਨਹੀਂ।ਮਨ ਨੂੰ ਇਸ ਹਕੀਕਤ ਦਾ ਇਲਮ ਹੋਵੇ ਕਿ ਸੰਸਾਰ ਮਿਥਿਆ ਹੈ ਤੇ ਪ੍ਰਭੂ ਸਤ। ਸੰਸਾਰ ਦੇ ਸੰਬੰਧ ਗਰਜ ਕਰਕੇ ਹਨ। ਕੋਈ ਕਿਸੇ ਦਾ ਸਦੀਵ ਕਾਲ ਲਈ ਸੰਗੀ ਨਹੀਂ। ਜਦੋਂ ਤੱਕ ਦੂਸਰੇ ਤੋਂ ਸੁੱਖ ਹੋ ਰਿਹਾ ਹੈ ਸਾਂਝ ਬਣੀ ਰਹਿੰਦੀ ਹੈ ਜਿਵੇਂ ਹੀ ਸੁਖ ਵਿਚ ਵਿਘਨ ਪੈਂਦਾ ਹੈ ਤਾਂ ਰਿਸ਼ਤੇ ਟੁੱਟ ਜਾਂਦੇ ਹਨ।

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ 1॥ ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ 1॥ ਸੋਰਠਿ ਮ:9, ਪੰ.634॥

ਜਿਉਂਦਿਆ ਦੇ ਸੰਬੰਧ ਲੋੜਾਂ ਕਰਕੇ ਹਨ ਅਤੇ ਅੰਤ ਸਮੇਂ ਕੋਈ ਸਾਥ ਨਿਭਦਾ ਨਹੀਂ। ਇਹ ਰੀਤਿ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ, " ਅੰਤ ਕਾਲ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ।" ਸੰਸਾਰ ਦੀ ਨਸ਼ਵਰਤਾ, ਰਿਸ਼ਤਿਆਂ ਦਾ ਝੂਠਾ ਮੋਹ, ਮਾਇਆ ਦੀ ਭਟਕਨਾ, ਬਿਖਿਆ ਰਸਾਂ ਦਾ ਸਵਾਦ, ਤ੍ਰਿਸ਼ਨਾ ਦਾ ਅਰੁੱਕ ਪ੍ਰਵਾਹ, ਮਨ ਦੀ ਖੁਆਰੀ ਦੇ ਮੂਲ ਕਾਰਨ ਹਨ। ਗੁਰੂ ਸਾਹਿਬ ਪ੍ਰਭੂ ਦੀ ਸ਼ਰਨ ਵਿਚ ਆਉਣ ਦੀ ਤਾਕੀਦ ਕਰਦੇ ਹਨ। ਉਸ ਨੂੰ ਪ੍ਰਮਾਣਿਤ ਕਰਨ ਲਈ ਪ੍ਰੌਰਾਣਿਕ ਮਲੀਨ ਵਿਅਕਤੀਤਵ ਵਾਲੇ ਜੀਆਂ ਅਤੇ ਜੀਵਾਂ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ:

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥ 1॥ ਰਹਾਉ॥ ਸੋਰਠਿ ਮ:9, ਪੰ.632॥

ਮਨੁੱਖੀ ਸੁਭਾਅ ਹੈ ਜਦੋਂ ਕੁੱਝ ਦੱਸਿਆ ਜਾਏ ਤਾਂ ਪ੍ਰਮਾਣ ਸਿੱਧੀ ਚਹੁੰਦਾ ਹੈ। ਮਨ ਵਿਚ ਇਹ ਸਵਾਲ "ਕੀ ਅਜਿਹਾ ਸੰਭਵ ਹੈ? ਹਮੇਸ਼ਾ ਤੋਂ ਬਣਿਆ ਰਿਹਾ ਹੈ। ਗੁਰਬਾਣੀ ਤਾਂ ਕਹਿੰਦੀ ਹੈ "ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥" ਪ੍ਰਭੂ ਦੇ ਨਾਮ ਦੀ ਬਰਕਤ ਨਾਲ ਮਨ ਅੰਮ੍ਰਿਤ ਰਸ ਚੱਖਦਾ ਹੋਇਆ ਆਪਣੇ ਟਿਕਾਣੇ ਤੇ ਥਿਰ ਹੋ ਜਾਂਦਾ ਹੈ ਅਤੇ ਤ੍ਰਿਪਤ ਹੋ ਜਾਂਦਾ ਹੈ।

ਗੁਰੂ ਸਾਹਿਬ ਮਨੁੱਖੀ ਜੀਵਨ ਨੂੰ ਸੰਸਾਰ ਤੇ ਪ੍ਰਭੂ ਪ੍ਰਾਪਤੀ ਦਾ ਇਕ ਅਉਸਰ ਦੱਸਦੇ ਹਨ, ਜੋ ਗਫਲਤ ਦੀ ਨੀਂਦ ਕਰਕੇ ਵਿਅਰਥ ਜਾ ਰਿਹਾ ਹੈ, "ਅਉਸਰ ਬੀਤਿਓ ਜਾਤ ਹੈ ਕਹਿਓ ਮਾਨ ਲੈ ਮੇਰੋ।" ਜਦੋਂ ਮਨੁੱਖ ਨੂੰ ਆਪਣੀ ਵਾਰੀ ਦੀ ਅਹਿਮੀਅਤ ਪਤਾ ਲਗੇਗੀ ਫਿਰ ਹੀ ਸੁਚੇਤ ਹੋਂਦਾ ਹੈ। ਗੁਰੂ ਸਾਹਿਬ ਨਾਮ ਜਪਣ ਅਤੇ ਪਰਮਾਤਮਾ ਦੇ ਗੁਣ ਗਾਉਣ ਲਈ ਪ੍ਰੇਰਦੇ ਹਨ। ਇਸ ਲਈ ਹਿਰਦੇ ਵਿਚ ਪ੍ਰੇਮ ਹੋਣਾ ਲਾਜ਼ਮੀ ਹੈ। ਪ੍ਰੀਤ ਹੋਵੇ ਤਾਂ ਰਸਨਾ ਗੁਣ ਗਾਉਣ ਅਤੇ ਕੰਨ ਸੁਣਨ ਵਿਚ ਰਸ ਮਾਣਦੇ ਹਨ। ਮਨ ਉਸ ਅੰਮ੍ਰਿਤ ਰਸ ਨੂੰ ਚੱਖਦਾ ਤੇ ਤ੍ਰਿਪਤ ਹੁੰਦਾ ਹੈ। ਅਜਿਹਾ ਮਨ ਅਚੇਤ ਅਵਸਥਾ ਵਿਚ ਵੀ ਕਿਸੇ ਕੁਕਰਮ ਤੋਂ ਗੁਰੇਜ ਕਰਦਾ ਹੈ। ਉਸ ਅੰਦਰ ਭੈ ਰਹਿਤ ਚੇਤਨਾ ਟਿਕ ਜਾਂਦੀ ਹੈ। ਉਹ ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਡਰਾਉਂਦਾ ਹੈ, "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।" ਆਤਮਾ ਇਹ ਏਲਾਨੀਆ ਕਹਿ ਉਠਦਾ ਹੈ:

ਮਾਈ ਮੈ ਧਨੁ ਪਾਇਓ ਹਰਿ ਨਾਮੁ॥

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ 1॥ ਰਹਾਉ॥ ਬਸੰਤੁ ਮ:9, ਪੰ.1186॥

ਪਰਮਾਤਮਾ ਦੀ ਸ਼ਰਨ ਹੀ ਸਦੀਵੀ ਸੁੱਖ ਦਾ ਟਿਕਾਣਾ ਹੈ। ਮਨ ਹਰ ਤਰ੍ਹਾਂ ਦੇ ਖਿਚਾਉ ਤੇ ਕਲੇਸ਼ ਤੋਂ ਮੁਕਤ ਹੋ ਜਾਂਦਾ ਹੈ। ਪ੍ਰੋ. ਪ੍ਰੀਤਮ ਸਿੰਘ ਕਹਿੰਦੇ ਹਨ, "ਜਿਨ੍ਹਾਂ ਕੁਕਰਮਾਂ, ਦੁਰਭਾਵਾਂ ਤੇ ਦੁਰਬਿਰਤੀਆਂ ਦਾ ਮਨ ਤੇ ਤਨ ਵਿਚ ਵਾਸਾ ਹੁੰਦਾ ਹੈ ਉਹ ਆਪਨਾ ਪਤਰਾ ਵਾਚ ਜਾਂਦੀਆਂ ਹਨ। ਮਨ ਵਿਚ ਨਿਰਮਲ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।" ਵਿਸ਼ਿਆਂ ਵੱਲ ਧਾਵਨ ਵਾਲੇ ਮਨ ਨੂੰ ਨਾਮ ਵਿਚ ਜੋੜਣਾ ਮੁਸ਼ਕਿਲ ਜਰੂਰ ਹੈ ਪਰ ਨਾ-ਮੁਮਕਿਨ ਨਹੀਂ। ਇਹੀ ਇਸ ਦੇ ਨਿਰਮਲ ਹੋਣ ਦੀ ਵਿਧੀ ਹੈ ਜਿਸ ਨਾਲ ਥਿਰ ਹੋ ਜਾਂਦਾ ਹੈ।

ਹੁਣ ਧਾਵਨਾ ਵਿਭਿੰਨ ਪੱਖੀ ਨਹੀਂ ਰਹਿੰਦੀ ਬਸ ਇਕ ਵੱਲ ਹੋ ਜਾਂਦੀ ਹੈ। ਨਾਮ ਅਭਿਆਸ ਦੀ ਇਹ ਨਿਰੰਤਰ ਕ੍ਰਿਆ ਨਾਮ ਰਸਕਿਤਾ ਪੈਦਾ ਕਰਦੀ ਹੈ। ਮਨ ਉਸ ਅਗੰਮੀ ਸਵਾਦ ਵਿਚ ਮਸਤ ਹੋ ਕੇ ਥਿਰ ਹੋ ਜਾਂਦਾ ਹੈ। ਇਹੀ ਮੁਕਤ ਪਦ ਨੂੰ ਪ੍ਰਾਪਤ ਹੋਣ ਦੀ ਨਿਸ਼ਾਨੀ ਵੀ ਹੈ। ਪ੍ਰੋ. ਰਾਮ ਸਿੰਘ ਅਨੁਸਾਰ, "ਮਨ ਦੀ ਇਕਾਗਰਤਾ ਨਾਮ ਜਪਣ ਦੀ ਵਿਧੀ ਹੈ ਤੇ ਫਲ ਵੀ।"

ਡਾ. ਗੁਰਬਚਨ ਸਿੰਘ ਤਾਲਿਬ ਮੰਨਦੇ ਹਨ ਕਿ ਗੁਰੂ ਜੀ ਦੀ ਬਾਣੀ ਦਾ ਪ੍ਰਧਾਨ ਸੁਰ ਤਿਆਗ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ, "ਗੁਰੂ ਸਾਹਿਬ ਦੀ ਬਾਣੀ ਦਾ ਪ੍ਰਧਾਨ ਰਸ ਵੈਰਾਗ ਹੈ।" ਦਿਸ਼ਟਮਾਨ ਜਗਤ ਨੂੰ ਨਾਸ਼ਮਾਨ ਦਰਸਾਉਣਾ ਵੈਰਾਗ ਭਾਵ ਪੈਦਾ ਕਰਨ ਦੀ ਪ੍ਰਬੀਨ ਵਿਧੀ ਹੈ। ਉਹ ਪ੍ਰੀਤਮ ਦੀ ਨਿਕਟਤਾ ਲੋਚਦੇ ਹਨ ਤੇ ਮਨੁੱਖੀ ਜੀਵਨ ਵਿਚ ਦੈਵੀ ਆਦਰਸ਼ ਦਾ ਵਿਸਥਾਰ ਕਰਦੇ ਹਨ। ਵੈਰਾਗ ਸੰਸਾਰ ਦੇ ਪਦਾਰਥਾਂ ਤੋਂ ਉਪਰਾਮਤਾ ਅਤੇ ਕਿਸੇ ਉਚੇਰੇ ਆਦਰਸ਼, ਪਰਮਾਰਥ ਦੀ ਯਾਚਨਾ ਹੈ। ਇਸ ਵਿਚ ਤਿਆਗ, ਮਨ ਦਾ ਸੰਸਾਰਕ ਪਦਾਰਥਾਂ ਦੇ ਰਸ ਤੋਂ ਉਪਰਾਮ ਹੋਣਾ, ਗਿਆਨ ਅਤੇ ਭਗਤੀ ਮਾਰਗ ਦਾ ਅਨੁਸਰਣ ਸੰਮਲਿਤ ਹਨ। ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿ ਕੇ ਹੀ ਮਨੁੱਖ ਪ੍ਰਭੂ-ਪ੍ਰੇਮ ਅਤੇ ਪ੍ਰਾਪਤੀ ਦਾ ਮਾਰਗ ਧਾਰਨ ਕਰ ਸਕਦਾ ਹੈ। ਡਾ. ਪਰਮਵੀਰ ਸਿੰਘ ਲਿਖਦੇ ਹਨ, " ਮਨ ਵਿਚ ਪੈਦਾ ਹੋਇਆ ਪਸ਼ਚਾਤਾਪ ਹੀ ਮਨੁੱਖੀ ਮਨ ਅੰਦਰ ਪਰਮਾਤਮਾ ਵੱਲ ਮੁੜਨ ਦੀ ਇੱਛਾ ਪੈਦਾ ਕਰਦਾ ਹੈ।"

ਮਨ ਤੋਂ ਮਾਇਆ ਦੀ ਪਾਣ ਜਿਵੇਂ ਜਿਵੇਂ ਉਤਰਦੀ ਹੈ ਇਹ ਸਦਗੁਣਾ ਦਾ ਧਾਰਨੀ ਹੁੰਦਾ ਜਾਂਦਾ ਹੈ। ਗੁਰਮਤਿ ਮਾਰਤੰਡ ਦੇ ਕਰਤਾ ਦਾ ਕਥਨ ਹੈ, "ਕਪੜੇ ਤੋਂ ਪਾਨ ਅਥਵਾ ਮਾਵਾ (ਜੋ ਰੰਗ ਨੂੰ ਫੜਣ ਨਹੀਂ ਦਿੰਦਾ) ਕੱਢ ਕੇ, ਫਟਕੜੀ ਆਦਿ ਨਾਲ ਧੋਣਾ ਜਿਸ ਤੋਂ ਵਸਤ੍ਰ ਰੰਗ ਜਜ਼ਬ ਕਰ ਲਵੇ 'ਪਾਹ' ਆਖੀਦਾ ਹੈ"।

ਕਰਤਾਰ ਦੇ ਭੈ ਨਾਲ ਮਨ ਦੇ ਖੋਟੇ ਸੰਕਲਪ ਅਤੇ ਵਿਕਾਰ ਵਾਸਨਾ ਮਿਟਾ ਕੇ ਨਾਮ ਦੇ ਅਭਿਆਸ ਦੁਆਰਾ ਕੁਕਰਮਾਂ ਤੋਂ ਜੋ ਸੰਗਣਾ ਹੈ, ਇਹ ਮਨ ਦਾ ਧੋਣਾ ਅਰ ਪਾਹੁਣਾ ਹੈ। ਮੌਤ ਦਾ ਭੈ ਵਿਕਾਰੀ ਮਨੁੱਖ ਵਿਚ ਤ੍ਰਾਸ ਅਤੇ ਸਾਧਕ ਵਿਚ ਵੈਰਾਗ (ਪ੍ਰੇਮ ਦੀ ਤੀਬਰਤਾ) ਪੈਦਾ ਕਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਪਰਮਾਤਮਾ ਦੇ ਗੁਣ ਗਾਉਣ ਵਿਚ ਮੌਤ ਦਾ ਅਹਿਸਾਸ ਏਕਾਗਰਤਾ ਬਣਾਉਂਦਾ ਹੈ। ਪ੍ਰੀਤ ਡੂੰਗੀ ਹੁੰਦੀ ਹੈ ਅਤੇ ਇਹ ਸੰਭਵ ਹੁੰਦਾ ਹੈ ਸਾਧਸੰਗਤਿ ਵਿਚ ਜੁੜ ਕੇ ਪਰਮਾਤਮਾ ਨੂੰ ਯਾਦ ਕਰਨ ਨਾਲ:

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥ ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤੁ॥1॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥ ਕਹੈ ਨਾਨਕ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥2॥ ਸੋਰਠਿ ਮ:9, ਪੰ.631॥

ਅੰਤਲੇ ਸਲੋਕ ਵਿਚ 'ਦਰਸੁ ਤੁਹਾਰੋ ਹੋਇ' ਵਾਲਾ ਸੰਕੇਤ ਜੀਵਨ ਚਾਨਣ ਬਖਸ਼ਦਾ ਹੈ। ਪਰਮਾਤਮਾ ਦੇ ਨਾਮ ਵਰਗੀ ਇਸ ਸੰਸਾਰ ਵਿਚ ਹੋਰ ਕੋਈ ਵਸਤੂ ਨਹੀਂ ਹੈ ਜਿਸ ਨਾਲ ਨਾਮ ਨੂੰ ਤੋਲਿਆ ਜਾ ਸਕੇ "ਨਾਮ ਤੁਲਿ ਕਛੁ ਅਵਰੁ ਨ ਹੋਇ ।"

ਨਾਮ ਹੀ ਸਾਰੇ ਕਲੇਸ਼ਾਂ-ਕਸ਼ਟਾਂ ਦਾ ਨਾਸ਼ ਕਰਕੇ ਪ੍ਰਭੂ ਦੀਦਾਰ ਕਰਵਾਉਂਦਾ ਹੈ ਤੇ ਮਨ ਜੋਤ ਸਰੂਪ ਹੋ ਕੇ ਸਦੀਵ ਕਾਲ ਲਈ ਸਥਿਰ ਜੋ ਜਾਂਦਾ ਹੈ।

## ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ ਜੀ

ਸਰਦਾਰ ਜਸਵੀਰ ਸ਼ਰਮਾ ਦੱਦਾਹੂਰ, ਸ੍ਰੀ ਮੁਕਤਸਰ ਸਾਹਿਬ,
+91 95691-49556



ਸੀ ਜੋ ਸਤਿਗੁਰ ਤੇਗ ਬਹਾਦਰ, ਬਣ ਗਏ ਹਿੰਦ ਲਈ ਸੀ ਚਾਦਰ!

ਵਿਖਾਈ ਜਦ ਕੁਦਰਤ ਸੀ ਕਾਦਰ, ਬਣ ਕੇ ਆਏ ਮਸੀਹੇ ਸੀ!

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ ਜੀ।

ਪੰਡਤਾਂ ਉੱਤੇ ਜ਼ੁਲਮ ਸੀ ਕਰਦਾ,

ਪਾਪੀ ਨਹੀਂ ਹਤਿਆਰਾ ਡਰਦਾ!

ਜੰਜੂ ਲਾਹ ਲਾਹ ਪਾਸੇ ਧਰਦਾ, ਬੜਾ ਹੀ ਕਹਿਰ ਕਮਾਉਂਦਾ ਸੀ!

ਇਸ ਨੂੰ ਲਾਹ ਕੇ ਅੱਗ ਵਿੱਚ ਸਾੜੋ, ਸ਼ਾਹੀ ਹੁਕਮ ਸੁਣਾਉਂਦਾ ਸੀ!

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਕਸ਼ਮੀਰੀ ਪੰਡਤਾਂ ਅਰਜ਼ ਗੁਜਾਰੀ, ਸਤਿਗੁਰ ਰੱਖ ਲਓ ਪੱਤ ਹਮਾਰੀ।

ਤੁਹਾਡੇ ਜੇਹਾ ਪਰਉਪਕਾਰੀ, ਦੁਨੀਆ ਉੱਪਰ ਕੋਈ ਨਾ!

ਸਾਡੇ ਤੁਸੀਂ ਹੋ ਸਰ ਦੇ ਸਾਈਂ, ਤੁਹਾਡੇ ਬਿਨਾਂ ਕੋਈ ਢੋਈ ਨਾ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਇਹ ਕੌਣ ਤੇ ਕਿੱਥੋਂ ਆਏ?

ਪੁੱਛਿਆ ਆ ਕੇ ਗੋਬਿੰਦ ਰਾਏ!

ਸਤਿਗੁਰ ਦਿੱਤਾ ਸਭ ਸਮਝਾਏ, ਕਿ ਇਹੇ ਉੱਚੀ ਕੁਲ ਦੇ ਨੇ!

ਕਿਸੇ ਇੱਕ ਕੁਰਬਾਨੀ ਬਾਝੋਂ ਅੱਜ ਇਹ ਗਲੀਆਂ ਰੁਲਦੇ ਨੇ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ!

ਤੁਹਾਡੇ ਜਿਹਾ ਨਾ ਕੋਈ ਦਾਨੀ, ਦੇਵੋ ਦੁਖੀਆਂ ਲਈ ਕੁਰਬਾਨੀ!

ਹੋ ਜੂ ਵਿੱਚ ਦੁਨੀਆਂ ਦੇ ਹਾਨੀ, ਜੇ ਇਹਨਾਂ ਦਾ ਦੁੱਖ ਵੰਡਾਇਆ ਨਾ!

ਹਿੰਦ ਦੀ ਚਾਦਰ ਦਾਗੀ ਹੋ ਜੂ, ਜੇ ਅੱਜ ਧਰਮ ਬਚਾਇਆ ਨਾ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਸਤਿਗੁਰ ਸੋਚਾਂ ਦੇ ਵਿੱਚ ਪੈ ਗਏ, ਗੋਬਿੰਦ ਰਾਏ ਕੋਲ ਹੀ ਬਹਿ ਗਏ।

ਪੰਡਿਤ ਹੱਕੇ ਬੱਕੇ ਰਹਿ ਗਏ, ਬੋਲੇ ਫਿਰ ਦਲੇਰੀ ਨਾ'!

ਛੇਤੀ ਕਮਰ ਕੱਸੇ ਤੁਸੀਂ ਕੱਸ ਲਓ, ਕਿਤੇ ਹੋ ਜਾਵੇ ਦੇਰੀ ਨਾ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਭਾਵੇਂ ਦੀਵਾ ਲੈ ਕਰ ਭਾਲ, ਨਹੀਂ ਕੋਈ ਜੱਗ ਦੇ ਵਿੱਚ ਮਿਸਾਲ!

ਜੋ ਲਾਵੇ ਦੁਖੀਆਂ ਨੂੰ ਹਿੱਕ ਦੇ ਨਾਲ, ਬਾਝੋਂ ਤੇਗ ਬਹਾਦਰ ਜੀ।

ਦੁਨੀਆ ਇਸੇ ਲਈ ਹੈ ਕਹਿੰਦੀ ਕਿ ਉਹ ਹਿੰਦ ਦੀ ਚਾਦਰ ਸੀ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਯਾਦਾਂ ਦਿਲਾਂ ਦੇ ਵਿੱਚ ਵਸਾਈਏ, ਸਿਜਦਾ ਕਰਕੇ ਫਰਜ ਨਿਭਾਈਏ!

ਤਨ ਮਨ ਲੇਖੇ ਦੇ ਵਿੱਚ ਲਾਈਏ, ਹਾਜ਼ਰੀ ਕਰ ਕਬੂਲ ਲਓ!

ਬਖਸ਼ੋ ਐਬ ਗੁਨਾਹ ਸਭ ਸਾਡੇ, ਸਿਜਦਾ ਕਰ ਮਨਜੂਰ ਲਓ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਇਹ ਹੈ ਜਗਤ ਮੁਸਾਫਰ ਖਾਨਾ,
ਸੱਭ ਨੇ ਹੋਣਾ ਹੈ ਰਵਾਨਾ!
ਗੁਰੂ ਦਾ ਕਰਜ਼ ਨ੍ਹੀਂ ਲਾਹਿਆ ਜਾਣਾ,
ਜੋ ਹਿੰਦੂਆਂ ਉੱਤੇ ਚੜ੍ਹਾ ਦਿੱਤਾ!
ਕਰ ਮਜਲੂਮਾਂ ਲਈ ਕੁਰਬਾਨੀ,
ਜਿਉਣ ਦਾ ਢੰਗ ਦਰਸਾ ਦਿੱਤਾ।

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

ਸਾਰੇ ਰਲ ਮਿਲ ਸਿਜਦਾ ਕਰੀਏ,
ਜੀ ਸਿਰ ਕਦਮਾਂ ਦੇ ਵਿੱਚ ਧਰੀਏ!
ਆਓ ਜੀਵਨ ਸਫਲਾ ਕਰੀਏ,
ਸਿੱਖੀ ਤਾਈਂ ਬਚਾ ਲਈਏ!
ਦੱਦਾਹੂਰੀਆ ਕਦਮਾਂ ਤੇ ਸਿਰ ਧਰਕੇ, ਤਨ ਮਨ ਲੇਖੇ ਲਾ ਲਈਏ !

ਛਲਣੀ ਹੋ ਗਿਆ ਵੇਖ ਕਲੇਜਾ, ਪਾਪੀ ਦੇਣ ਤਸੀਹੇ !

## ਕਸ਼ਮੀਰੀ ਪੰਡਤਾਂ ਦੀ ਪੁਕਾਰ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
+1(403)404-1450



ਜ਼ਾਲਿਮਾਂ ਦੇ ਜ਼ੁਲਮਾਂ ਤੋਂ ਡਾਹਢੇ ਘਬਰਾਏ ਹਾਂ।
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਹਾਕਮ ਨੇ ਮਤਾ ਹੁਣ ਨਵਾਂ ਇਹ ਪਕਾਇਆ ਏ।
'ਸਵਾ ਮਣ ਜੰਞੂ ਲਾਹੁਣੇ' ਹੁਕਮ ਸੁਣਾਇਆ ਏ।
ਗਲ਼ ਵਿੱਚ ਪੱਲਾ, ਹੰਝੂ ਨੈਣਾਂ 'ਚ ਲੁਕਾਏ ਹਾਂ
ਬਣ...

ਡਰਨਾ ਡਰਾਉਣਾ ਦਾਤਾ ਤੇਰੇ ਹਿੱਸੇ ਆਇਆ ਨਹੀਂ।
ਸੱਚੋ ਸੱਚ ਕਹਿਣੋਂ ਇੱਕ ਤੂੰਹੀਉਂ ਘਬਰਾਇਆ ਨਹੀਂ।
ਮਿਲੇ ਨਾਹੀਂ ਢੋਈ, ਬੜੇ ਦੇਵਤੇ ਧਿਆਏ ਹਾਂ
ਬਣ...

ਨਾਨਕ ਦਾ ਦਰ ਕਦੇ ਖਾਲੀ ਨਹੀਉਂ ਮੋੜਦਾ।
ਬਣ ਕੇ ਨਿਮਾਣਾ ਆਏ ਜਿਹੜਾ ਹੱਥ ਜੋੜਦਾ।
ਅਸੀਂ ਫਰਿਆਦੀ ਫਰਿਆਦ ਲਿਆਏ ਹਾਂ
ਬਣ...

ਸੁਣ ਕੇ ਪੁਕਾਰ ਗੁਰੂ ਸੋਚਾਂ ਵਿੱਚ ਪੈ ਗਏ।
ਪੁੱਤਰ ਦੇ ਬੋਲ ਪਰ ਸੀਨੇ ਵਿੱਚ ਲਹਿ ਗਏ।
'ਆਖੋ ਜਾ ਕੇ ਚੇਲੇ ਨੌਵੇਂ ਗੁਰਾਂ ਦੇ ਕਹਾਏ ਹਾਂ'
ਬਣ...

'ਦੀਸ਼' ਇਤਿਹਾਸ ਵਿੱਚ ਪਹਿਲਾ ਇਕਰਾਰ ਸੀ।
ਦੂਜਿਆਂ ਦੇ ਲਈ ਕਿਸੇ ਸੀਸ ਦੇਣਾ ਵਾਰ ਸੀ।
ਸਮਰੱਥ ਗੁਰੂ ਅੱਗੇ ਰੋਏ ਕੁਰਲਾਏ ਹਾਂ
ਬਣ...

## ਧੰਨ ਧੰਨ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਸੰਸਾਰ ਦੇ ਇਤਿਹਾਸ ਦੀਆਂ ਵਿਲੱਖਣ ਘਟਨਾਵਾਂ ਹਨ ਜਿਨ੍ਹਾਂ ਦੀ ਮਿਸਾਲ ਹੋਰ ਨਹੀਂ ਮਿਲਦੀ।

**ਸ਼ਹੀਦ :**

**ਇਹ ਅਰਬੀ ਦਾ ਸ਼ਬਦ ਹੈ ਅਤੇ "ਕੁਰਾਨ" ਵਿਚ ਇਸ ਦੀ ਵਰਤੋਂ "ਗਵਾਹ" ਜਾਂ "ਸਾਕਸ਼ੀ" ਦੇ ਅਰਥਾਂ ਵਿਚ ਹੋਈ ਹੈ ।** ਮਹਾਨ ਕੋਸ਼ ਵਿਚ ਇਸ ਸ਼ਬਦ ਬਾਰੇ ਲਿਖਿਆ ਹੈ ਕਿ ਸ਼ਹੀਦ ਉਹ ਹੈ :

**"ਧਰਮਯੁੱਧ ਵਿੱਚ ਜਿਸ ਨੇ ਜੀਵਨ ਅਰਪਿਆ ਹੈ" ।**

ਗੁਰਬਾਣੀ ਵਿਚ ਸੱਚ ਧਰਮ ਤੇ ਕਾਇਮ ਰਹਿਣ ਵਾਲੇ ਵਿਅੱਕਤੀ ਨੂੰ ਸ਼ਹੀਦ ਤੁਲ ਹੀ ਸੂਰਾ ਹੈ :-

ਮਰਣ ਮੁਣਸਾ ਸੂਰਿਆ ਹਕ ਹੈ, ਜੋ ਹੋਇ ਮਰਨਿ ਪਰਵਣੋ ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਅੰਗ-579).

ਸਤਿ ਧਰਮ ਲਈ ਦੋ ਤਰ੍ਹਾਂ ਨਾਲ ਜੂਝਣ ਵਾਲੇ ਵਿਅੱਕਤੀ ਸ਼ਹੀਦ ਮੰਨੇ ਗਏ ਹਨ:-

1) ਜੰਗ ਕਰਕੇ 2) ਸ਼ਾਤਮਈ ਰਹਿਕੇ

ਚਾਰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਇਨ੍ਹਾ ਦੋਹਾਂ ਤਰ੍ਹਾਂ ਦੀਆਂ ਸ਼ਹੀਦੀਆਂ ਨਾਲ ਹੋਈਆਂ ਹਨ ।

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ 18 ਤੇ ਜੁਝਾਰ ਸਿੰਘ 14 ਸਾਲ ਦੀ ਉਮਰ ਵਿਚ ਚਮਕੌਰ ਯੁੱਧ ਵਿਚ ਸ਼ਹੀਦੀ ਹੋਏ ।

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ 8 ਸਾਲ ਅਤੇ ਫ਼ਤਿਹ ਸਿੰਘ 6 ਸਾਲ ਦੀ ਉਮਰ ਵਿਚ ਸ਼ਾਤਮਈ ਰਹਿਕੇ ਸਰਹੰਦ ਦੀਆਂ ਕੰਧਾਂ ਵਿਚ ਚੁਣੇ ਗਏ। ਇਨ੍ਹਾਂ ਦੋਹਾਂ ਸ਼ਹੀਦੀਆਂ ਦੇ ਜੋ ਬ੍ਰਿਤਾਂਤ ਕੁਝ ਦੂਸਰੇ ਧਰਮਾਂ ਦੇ ਲਿਖਾਰੀਆਂ ਨੇ ਲਿਖੇ ਹਨ ਉਹ ਕਿਸੇ ਸਿੱਖ ਲਿਖਾਰੀ ਦੀ ਲੇਖਣੀ ਨੂੰ ਵੀ ਮਾਤ ਪਾਉਣ ਵਾਲੇ ਹਨ ।

ਪ੍ਰਸਿੱਧ ਮੁਸਲਿਮ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਆਪਣੀ ਪੁਸਤਕ "ਹਿਸਟਰੀ ਆਫ਼ ਦੀ ਪੰਜਾਬ" ਦੇ ਪੰਨਾ 265 ਤੇ ਲਿਖਦਾ ਹੈ ਕਿ ਜਦੋਂ ਛੋਟੇ ਸਾਹਿਬਜ਼ਾਦੇ ਨਵਾਬ ਵਜ਼ੀਰ ਖਾਨ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤੇ ਗਏ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਜੇਕਰ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਕੀ ਕਰੋਗੇ।

ਸਾਹਿਬਜ਼ਾਦਿਆਂ ਨੇ ਬੇਖੌਫ਼ ਹੋਕੇ ਨਿਡਰਤਾ ਨਾਲ ਜਵਾਬ ਦਿੱਤਾ ਕਿ ਅਸੀਂ ਸਿੱਖ ਫ਼ੋਜ ਇਕੱਠੀ ਕਰਕੇ ਤੁਹਾਡੇ ਨਾਲ ਓਦੋਂ ਤਕ ਲੜਦੇ ਰਹਾਂਗੇ ਜਦੋਂ ਤਕ ਤੁਹਾਨੂੰ ਮਾਰ ਲਈ ਲੈਂਦੇ ਜਾਂ ਆਪ ਸ਼ਹੀਦ ਨਹੀ ਹੋ ਜਾਂਦੇ ।

ਹਿੰਦੀ ਦੇ ਪ੍ਰਸਿੱਧ ਰਾਸ਼ਟ੍ਰੀ ਕਵੀ ਦਿਨਕਰ ਨੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੀ ਵਡਿਆਈ ਕਰਦਿਆਂ ਲਿਖਿਆ ਹੈ :

ਜਿਸ ਜਾਤਿ ਔਰ ਕੌਮ ਕੇ ਬੱਚੇ, ਦੇ ਸਕਤੇ ਹੈਂ ਯੂੰ ਬਲਿਦਾਨ,

ਉਸਕਾ ਵਰਤਮਾਨ ਕੁਛ ਭੀ ਹੋ, ਹੋਗਾ ਭਵਿਸ਼ਯ ਮਹਾਂ ਮਹਾਂਨ ।

ਹਕੀਮ ਅੱਲਾ ਯਾਰ ਖਾਨ ਜੋਗੀ ਇਕ ਮੁਸਲਮਾਨ ਕਵੀ ਸੀ ਜਿਸਨੇ ਦੋ ਕਾਵਿ ਪੁਸਤਕਾਂ ਉਰਦੂ ਵਿਚ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਬਾਰੇ ਲਿਖੀਆਂ ਹਨ "ਗੰਜੇ-ਏ-ਸ਼ਹੀਦਾਂ" ਤੇ "ਸ਼ਹੀਦਾਂ-ਨੇ-ਵਫ਼ਾ" ਜਿਨ੍ਹਾਂ ਵਿਚ ਇਨ੍ਹਾਂ ਸ਼ਹੀਦੀਆਂ ਦਾ ਦਿਲ ਟੁੰਬਵਾਂ ਵਰਣਨ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਨਿਡਰਤਾ ਤੇ ਸੂਰਬੀਰਤਾ ਦੇ ਵਰਣਨ ਵਿਚ ਲਿਖਿਆ ਹੈ:

ਹਾਥੋਂ ਮੇ ਹਾਥ ਡਾਲਕੇ ਵੋਹ ਦੋਨੋ ਨੌਨਿਹਾਲ, ਕਹਤੇ ਹੂਏ ਜ਼ੁਬਾ ਸੇ ਬੜ੍ਹੇ ਸਤਿ ਸ੍ਰੀ ਆਕਾਲ ।

ਚਿਹਰੋਂ ਪੇ ਖਮ ਨਾ ਗਮ ਥਾ, ਔਰ ਨਾ ਥਾ ਕੋਈ ਮਲਾਲ। ਜਾ ਠਹਿਰੇ ਸਰ ਪੇ ਮੌਤ ਕੇ, ਫ਼ਿਰ ਭੀ ਨਾ ਥਾ ਖਯਾਲ।

ਜ਼ਾਲਮ ਨਵਾਬ ਦੇ ਵਤੀਰੇ ਖਿਲਾਫ਼ ਦਲੇਰੀ ਨਾਲ ਸਾਹਿਬਜ਼ਾਦਿਆਂ ਨੇ ਇਹ ਜਵਾਬ ਦਿੱਤਾ :

ਸਤਿਗੁਰ ਕੇ ਲਾਡਲੋਂ ਨੇ ਦੀਆ ਰੋਬ੍ਹ ਸੇ ਜਵਾਬ, ਆਤੀ ਨਹੀ ਸ਼ਰਮ ਜ਼ਰਾ ਤੁਝਕੋ ਐ ਨਵਾਬ ।

ਦੁਨੀਆਂ ਕੇ ਪੀਛੇ ਕਰਤਾ ਹੈ ਕਿਉਂ ਦੀਨ ਕੋ ਖਰਾਬ, ਜਿਸ ਜਾ ਲਿਖਾ ਹੈ ਜ਼ੁਲਮ ਦਿਖਾ ਤੂ ਹਮੇ ਕਿਤਾਬ ।

ਅੱਲਾ ਯਾਰ ਖਾਨ ਜੋਗੀ ਦੀਆਂ ਇਹਨਾਂ ਸਾਰੀਆਂ ਨਜ਼ਮਾਂ ਵਿਚ ਸ਼ਾਇਰ ਦੀ ਸਾਹਿਬਜ਼ਾਦਿਆਂ ਪ੍ਰਤੀ ਦਿਲ ਵਿੰਨਵੀਂ ਸ਼ਰਧਾਂਜਲੀ ਪ੍ਰਗਟ ਕੀਤੀ ਗਈ ਹੈ ਜਿਸਨੂੰ ਸੁਣਕੇ ਹਰੇਕ ਹਿਰਦਾ ਦ੍ਰਵਿਤ ਹੋ ਜਾਂਦਾ ਹੈ ।

ਬਾਬਾ ਅਜੀਤ ਸਿੰਘ ਜੀ ਦੀ ਜੰਗ ਵਿਚ ਕੀਤੀ ਸੂਰਬੀਰਤਾ ਦੀ ਝਲਕ ਵਿਖਾਉਦਿਆਂ ਕਵੀ ਲਿਖਦਾ ਹੈ :

ਪਲਟਨ ਪੇ ਗਿਰੀ ਕਾਟ ਦੀਆ ਪਲ ਮੇ ਰਸਾਲਾ, ਸਰ ਉਸਕਾ ਉਛਾਲਾ ਕਭੀ ਧੜ ਉਸਕਾ ਉਛਾਲਾ।

ਲ਼ਾਸ਼ੋ ਸੇ ਵੋ ਜਾ ਪਟ ਗਈ ਸਾਯਾ ਜਹਾਂ ਡਾਲਾ, ਥਾ ਖੈਂਚ ਲੀਆ ਡਰ ਸੇ, ਅਹੁ ਮੇਹਰ ਨੇ ਹਾਲਾ।

ਦਸਮੇਸ਼ ਪਿਤਾ ਗੁਰੂ ਜੀ ਪਾਸੋਂ ਬਾਬਾ ਜੁਝਾਰ ਸਿੰਘ ਦੀ ਜੰਗ ਵਿਚ ਜੂਝਣ ਦੀ ਆਗਿਆ ਮੰਗਣ ਨੂੰ ਕਵੀ ਨੇ ਇਸ ਤਰ੍ਹਾਂ ਦਰਸਾਇਆ ਹੈ:

ਇਸ ਵਕਤ ਕਹਾ ਨ੍ਹਨੈ ਸੇ ਮਾਸੂਮ ਪਿਸਰ ਨੇ, ਰੁਖਸਤ ਹਮੇ ਦਿਲਵਾਓ ਪਿਤਾ ਜਾਏਂਗੇ ਮਰਨੇ ।

ਭਾਈ ਸੇ ਬਿਛੁੜ ਕਰ ਹਮੇ ਜੀਨਾ ਨਹੀ ਆਤਾ, ਸੋਨਾ ਨਹੀਂ ਖਾਨਾਂ ਨਹੀਂ ਪੀਨਾ ਨਹੀ ਆਤਾ ।

ਪਿਤਾ ਜੀ ਨੇ ਬੇਮਿਸਾਲ ਆਗਿਆ ਦਿੱਤੀ :

ਖਾਹਿਸ ਹੈ ਤੁਮ੍ਹੈ ਤੇਗ ਚਲਾਤੇ ਹੂਏ ਦੇਖੇਂ, ਹਮ ਆਖ ਸੇ ਬਰਛੀ ਤੁਮ੍ਹੈ ਖਾਤੇ ਹੂਏ ਦੇਖੇਂ ।

ਦਸ਼ਮੇਸ਼ ਪਿਤਾ ਜੀ ਦੀ ਬੇਮਿਸਾਲ ਸ਼ਖਸੀਅਤ ਦੀ ਵਡਿਆਰੀ ਕਰਦਿਆ ਲਿਖਿਆ ਹੈ :

ਕਟਵਾ ਕੇ ਪਿਸਰ ਚਾਰ ਇਕ ਆਂਸੂ ਨ ਬਹਾਯਾ,
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਯਾ ।

ਮੁਸਲਮਾਨ ਸ਼ਾਇਰ ਹਿੰਦ ਵਾਸੀਆਂ ਨੂੰ ਚਮਕੌਰ ਦੀ ਇਸ ਮਹਾਨ ਧਰਤ ਦਾ ਹੱਜ ਕਰਨ ਦੀ ਪੇਰਨਾ ਦਿੰਦਾ ਹੈ :-

ਬਸ ਏਕ ਹਿੰਦ ਮੇ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾ ਖੁਦਾ ਕੇ ਲੀਏ।

ਚਮਕ ਹੈ ਮੇਹਰ ਕੀ ਚਮਕੌਰ ਤੇਰੇ ਜ਼ਰੋਂ ਮੇ, ਯਹੀਂ ਸੇ ਬਨ ਕੇ ਸਿਤਾਰੇ ਗਏ ਸਮਾ ਕੇ ਲੀਏ ।

ਭਟਕਤੇ ਫ਼ਿਰਤੇ ਹੈਂ ਹੱਜ ਕਰੇਂ ਯਹਾਂ ਆਕਰ,
ਯੇ ਕਾਅਬਾ ਖਾਸ ਹੈ ਹਰੇਕ ਖਾਲਸਾ ਕੇ ਲੀਏ ।

ਉਠਾਏਂ ਆਂਖ ਸੇ ਆਕਰ ਯਹਾਂ ਕੀ ਮਿੱਟੀ ਕੋ,
ਜੋ ਖਾਕ ਛਾਨਤੇ ਫ਼ਿਰਤੇ ਹੈਂ ਕੀਮੀਯਾ ਕੇ ਲੀਏ।

ਛੋਟੇ ਸ਼ਾਹਿਬਜ਼ਾਦਿਆਂ ਦਾ ਅੰਤਮ ਸੰਦੇਸ਼ ਸਮੇ ਦੇ ਇਤਿਹਾਸ ਦੀ ਭਵਿਖਬਾਣੀ ਸਾਬਤ ਹੋਈ :

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।

ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।

ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ।

ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।

ਗੱਦੀ ਸੇ ਤਾਜ-ਓ-ਤਖ਼ਤ ਬਸ ਅਬ ਕੌਮ ਪਾਏਗੀ।

ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।

ਇਨ੍ਹਾ ਸ਼ਹੀਦੀਆਂ ਨਾਲ ਇਕ ਜੁਗ ਪਲਟਾ ਹੋਇਆ ਤੇ ਮੁਗਲ ਹਕੂਮਤ ਦੀਆਂ ਜੜ੍ਹਾਂ ਹਿਲ ਗਈਆਂ ਜਿਸਦਾ ਹਵਾਲਾ ਜੋਗੀ ਜੀ ਨੇ ਸੰਖੇਪ ਸ਼ਬਦਾਂ ਵਿਚ ਦਿੱਤਾ ਹੈ ।

ਜੋਗੀ ਜੀ ਇਸਕੇ ਬਾਦ ਹੂਈ ਥੋੜੀ ਹੀ ਦੇਰ ਥੀ।
ਬਸਤੀ ਸਰਹੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।

ਸਾਹਿਬਜ਼ਾਦਿਆ ਨੇ ਧਰਮ ਹੇਤ ਸਾਕਾ ਕਰਨ ਦੀ ਆਪਣੀ ਕੁਲ ਪ੍ਰੰਪਰਾ ਜਾਰੀ ਰੱਖੀ ਜਿਸ ਨਾਲ ਸਿੱਖ ਪੰਥ ਵਿਚ ਸ਼ਹੀਦੀਆਂ ਦਾ ਇਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ ।

ਧੰਨ ਧੰਨ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ,

ਧਰਮ ਰਾਖ ਕਲ ਸੋਂ ਗਏ, ਦਾਦੇ ਕੋ ਜਸ ਲੀਨ।

(ਪੰਥ ਪ੍ਰਕਾਸ਼)

## ਸ਼ਹਾਦਤ ਨੂੰ ਸਿਜਦਾ

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



ਦਾਦੀ ਬੈਠੀ ਮਤਾਂ ਦੇਵੇ , ਲਾਲ ਤਾਂ ਪਿਆਰਿਆਂ ਨੂੰ
ਸਿਦਕ ਚ ਡੋਲਣਾ ਨਹੀਂ, ਆਖਦੀ ਦੁਲਾਰਿਆਂ ਨੂੰ।

ਸੀਨੇ ਨਾਲ ਲਾਉਂਦੀ ਕਿੱਦਾਂ, ਛਮਕਾਂ ਸਹਾਰਿਆਂ ਨੂੰ,
ਨੈਣੀਂ ਨਿੱਘ ਦੇ ਨਾ ਸਕੀ, ਗੁਲੇਲਾਂ ਦੇ ਮਾਰਿਆਂ ਨੂੰ।

ਧਰਤੀ ਵੀ ਕੰਬਦੀ ਸੀ, ਦੇਖ ਐਸੇ ਕਾਰਿਆਂ ਨੂੰ।
ਅੰਬਰ ਵੀ ਧ੍ਰਿਗ ਆਖੇ , ਅੱਜ ਹਤਿਆਰਿਆਂ ਨੂੰ।

ਦਾਦੀ ਦੀ ਅਸੀਸ ਇੱਕੋ, ਅੱਖੀਆਂ ਦੇ ਤਾਰਿਆਂ ਨੂੰ।
ਸ਼ਬਦ ਦਾ ਨਿੱਘ ਦੇਵੇ , ਪੋਹ ਦਿਆਂ ਠਾਰਿਆਂ ਨੂੰ।

ਧਰਮ ਨਿਭਾਇਆ ਕੁੰਮੇ, ਮਾਣ ਸਾਰੇ ਢਾਰਿਆਂ ਨੂੰ।
ਛੰਨ ਸੱਚੀਂ ਮਾਤ ਪਾਵੇ ,ਮਹਿਲਾਂ ਤੇ ਮੁਨਾਰਿਆਂ ਨੂੰ।

ਮੋਤੀ ਮਹਿਰੇ ਦੁੱਧ ਦਿੱਤਾ , ਚੀਰ ਪਹਿਰੇ ਭਾਰਿਆਂ ਨੂੰ।
ਹੋਰ ਰਸ ਪੁੱਜਿਆ ਸੀ ਨਾਮ ਵਣਜਾਰਿਆਂ ਨੂੰ।

ਟੋਡਰ ਮੱਲ ਸਾਂਭ ਗਿਆ, ਸਰੀਰਾਂ ਪਿਆਰਿਆਂ ਨੂੰ।
ਮੁਹਰਾਂ ਨੇ ਸਬਕ ਦਿੱਤਾ, ਮਾਇਆ ਦੇ ਫੁੰਕਾਰਿਆਂ ਨੂੰ ।

ਸ਼ਹਾਦਤਾਂ ਦੇ ਅੰਬਰਾਂ ਤੇ ਚਮਕਦੇ ਸਿਤਾਰਿਆਂ ਨੂੰ।
ਕਰਾਂ ਪ੍ਰਣਾਮ ਮੈ ਤਾਂ, ਸਾਹਿਬਜਾਦਿਆਂ ਚਾਰਿਆਂ ਨੂੰ।

ਸਾਂਭੇ ਇਤਿਹਾਸ ਦੇਖੋ ਸਿੱਖੀ ਦੇ ਸਵਾਰਿਆਂ ਨੂੰ।
ਗੁਰਨਾਮ ਭੁੱਲ ਜਾਵਾਂ ਕਿਵੇਂ ਘੋਲ ਜਿੰਦ ਵਾਰਿਆਂ ਨੂੰ।

# ਦੇ ਸਿੱਖਿਆ ਗੋਬਿੰਦ ਰਾਇ ਨੂੰ

ਸਰਦਾਰਨੀ ਗੁਰਜੀਤ ਕੌਰ ਅਜਨਾਲਾ (+91 88720 20381)



ਕਦੇ ਗੁਰੂ ਘਰ ਖਾਲੀ ਨਹੀਂਓ ਮੋੜਦਾ,
ਦੁਖੀ ਤੇ ਸ਼ਰਨ ਆਏ ਨੂੰ,
ਚਾਲੇ ਨੌਵੇਂ ਗੁਰਾਂ ਦਿੱਲੀ ਵੱਲ ਪਾਏ ਸੀ
ਦੇ ਸਿੱਖਿਆ ਗੋਬਿੰਦ ਰਾਏ ਨੂੰ।

ਕਹਿੰਦੇ ਨੌਵੇਂ ਗੁਰੂ ਮੁੱਖੋਂ ਫੁਰਮਾ ਕੇ,
ਸੁਣੀ ਪੁੱਤਰਾ ਤੂੰ ਜਰਾ ਕੰਨ ਲਾ ਕੇ,
ਬਣੀ ਭੀੜ ਅੱਜ ਹਿੰਦੂਆਂ ਦੇ ਦੀਨ ਤੇ
ਗੱਲ ਮੁੱਕਣੀ ਏ ਮੇਰੀ ਮੰਨੀ ਈਨ ਤੇ।

ਪਹਿਲਾ ਪਾਠ ਯਾਦ ਰੱਖੀਂ ਮੇਰੇ ਪੁੱਤਰਾ,
ਕੀਤੇ ਵਚਨ ਨਿਭਾਏ ਨੂੰ,
ਚਾਲੇ ਨੌਵੇਂ ਗੁਰਾਂ ਦਿੱਲੀ ਵੱਲ ਪਾਏ ਸੀ
ਦੇ ਸਿੱਖਿਆ ਗੋਬਿੰਦ ਰਾਏ ਨੂੰ।

ਪੈਣੀ ਪੁੱਤਰਾ ਵੇ ਤੇਗ ਤੈਨੂੰ ਚੁੱਕਣੀ,
ਗੱਲ ਜ਼ੁਲਮਾਂ ਦੀ ਫਿਰ ਜਾ ਕੇ ਮੁੱਕਣੀ,
ਸ਼ਹੀਦੀ ਨੀਂਹ ਰੱਖੀ ਮੇਰੇ ਗੁਰੂ ਦਾਦੇ ਨੇ,
ਤਵੀ ਉੱਤੇ ਬੈਠ ਤੇਰੇ ਪੜਦਾਦੇ ਨੇ।

ਯਾਦ ਰੱਖੀਂ ਕੁਰਬਾਨੀ ਮੇਰੇ ਪੁੱਤਰਾ,
ਤੱਤੀ ਰੇਤਾ ਸੀਸ ਪਾਏ ਨੂੰ,
ਚਾਲੇ ਨੌਵੇਂ ਗੁਰਾਂ ਦਿੱਲੀ ਵੱਲ ਪਾਏ ਸੀ
ਦੇ ਸਿੱਖਿਆ ਗੋਬਿੰਦ ਰਾਏ ਨੂੰ।

ਗੱਲ ਹਾਕਮਾਂ ਦੀ ਪੁੱਤਾ ਨਹੀਂਓ ਜਰਨੀ,
ਸੈਨਾ ਪੈਣੀ ਇਕ ਦਿਨ ਕੱਠੀ ਕਰਨੀ,
ਦੀਨ ਵੱਖਰਾ ਚਲਾਉਣਾ ਤੂੰ ਨਿਆਰਾ ਵੇ
ਲੱਗੇ ਸਾਰੇ ਧਰਮਾਂ ਨੂੰ ਜੋ ਪਿਆਰਾ ਵੇ।

ਜਾਣੀ ਪੁੱਤਰਾਂ ਤੋਂ ਵੱਧ ਕੇ ਤੂੰ ਲਾਡਲੇ
ਸਿੰਘ ਆਪਣੇ ਸਜਾਏ ਨੂੰ,
ਚਾਲੇ ਨੌਵੇਂ ਗੁਰਾਂ ਦਿੱਲੀ ਵੱਲ ਪਾਏ ਸੀ
ਦੇ ਸਿੱਖਿਆ ਗੋਬਿੰਦ ਰਾਏ ਨੂੰ।

# *ਹਿੰਦ ਦੀ ਚਾਦਰ*

ਸਰਦਾਰ ਸੁਖਮੰਦਰ ਸਿੰਘ ਗਿੱਲ, ਕੈਲਗਰੀ +1 587 436 7136 (ਕੈਨੇਡਾ)

ਹਿੰਦ ਦੀ ਚਾਦਰ ਤੇਗ ਬਹਾਦਰ,
ਦਿੱਲੀ ਦੇ ਵਿੱਚ ਆਏ ਐ।

ਆਏ ਚਲ ਕਸ਼ਮੀਰ ਤੋਂ ਪੰਡਿਤ,
ਥੱਕੇ ਹੰਭੇ ਹਾਰੇ।
ਗੁਰੂ ਨਾਨਕ ਦੇ ਦਰ ਤੇ ਮਿਲਦੇ,
ਦੁਖੀਆਂ ਤਾਂਈ ਸਹਾਰੇ।
ਧੰਨ ਗੁਰੂ ਤੇਗ ਬਹਾਦਰ ਜੀ ਨੇ,
ਛਾਤੀ ਨਾਲ ਲਗਾਏ ਐ।

ਮਾਨਵਤਾ ਦਾ ਘਾਣ ਸੀ ਕਰਦਾ,
ਬਣਕੇ ਧਰਮੀਂ ਰਾਜਾ।
ਆਪਣੇ ਹੱਥੀਂ ਖੋਲ੍ਹ ਰਿਹਾ ਸੀ
ਨਰਕਾਂ ਦਾ ਦਰਵਾਜ਼ਾ।
ਲੈ ਕੇ ਪੰਜ ਸਿੱਖਾਂ ਨੂੰ ਸਤਿਗੁਰ,
ਉਸ ਵੱਲ ਚਾਲੇ ਪਾਏ ਐ।

ਏ ਧਰਤੀ ਹਵਾ ਅਕਾਸ਼ ਤੇ ਪਾਣੀ
ਸਭ ਦਾ ਸਾਂਝਾ ਭਾਈ।
ਖੁਦ ਜੀਓ ਤੇ ਜੀਣ ਦਿਓ
ਏਹ ਗੁਰੂਆਂ ਗੱਲ ਸਮਝਾਈ।
ਪਾਪੀ ਮਨ ਹੰਕਾਰ ਦਾ ਭਰਿਆ
ਬਚਨ ਸਮਝ ਨਾ ਆਏ ਐ।



ਜਪੁਜੀ ਗਾਉਂਦੇ ਮਤੀ ਦਾਸ ਨੂੰ
ਚੀਰ ਦੋਫਾੜ ਸੀ ਕਰਿਆ।
ਸਤਗੁਰਾਂ ਸਾਹਵੇਂ ਰੂੰ ਵਿਚ ਬੰਨ੍ਹਿਆ
ਸਤੀ ਦਾਸ ਸੀ ਸੜਿਆ ।
ਭਾਈ ਦਿਆਲਾ ਜੀ ਨੂੰ ਦੇਗਾਂ
ਵਿੱਚ ਉਬਾਲੇ ਆਏ ਐ ।

ਦੇਹ ਦੀ ਕਰੀ ਸੰਭਾਲ ਲੱਖੀ ਸ਼ਾਹ
ਭਾਂਵੇ ਘਰ ਸੀ ਸੜਿਆ।
ਸੀਸ ਗੁਰਾਂ ਦਾ ਲੈ ਭਾਈ ਜੈਤਾ
ਅਨੰਦਪੁਰੀ ਜਾ ਖੜ੍ਹਿਆ।

ਸੁਖਮੰਦਰ ਸਿਖ ਰੰਘਰੇਟੇ ਬੇਟੇ
ਗੁਰੂ ਨੇ ਸੀਨੇ ਲਾਏ ਐ।
ਤਿਲਕ ਜੰਜੂ ਦੀ ਰਾਖੀ ਖਾਤਰ
ਸਤਿਗੁਰਾਂ ਸੀਸ ਕਟਾਏ ਐ।


# ਗੁਰੂ ਗੋਬਿੰਦ ਸਿੰਘ ਜੀ : ਅਦੁਤੀ ਚਿੰਤਨ ਤੇ ਵਰਦਾਨ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

**ਪਿਛੋਕੜ :** ਸਤਾਰਵੀਂ ਸਦੀ ਦੇ ਦੂਜੇ ਅੱਧ ਦੀਆਂ ਮੁਗਲ ਸਰਕਾਰਾਂ ਵਿਚ ਕੱਟੜ, ਜਨੂਨੀ, ਦੰਬੀ ਇਸਲਾਮਕ ਸੋਚਾਂ ਉਭਰ ਕੇ ਆਈਆਂ। ਸਿਟੇ ਵਜੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ, ਗੁਰੂ ਹਰਿਗੋਬਿੰਦ ਜੀ ਤੇ ਅਗਲੇ ਗੁਰੂ ਸਾਹਿਬਾਂ ਨੂੰ ਫੌਜ ਰਾਹੀਂ ਸਿੱਖੀ ਦੀ ਰੱਖਿਆ ਦੀ ਲੋੜ ਪਈ, ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ।

ਇਸ ਸਥਿਤੀ ਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਇਨਕਲਾਬੀ ਸੰਪੂਰਨ ਪੰਥ ਤਿਆਰ ਕੀਤਾ ਜੋ ਵਿਦੇਸ਼ੀ ਮੁਗਲ ਰਾਜ ਨੂੰ ਜੜੋਂ ਉਖਾੜ ਸਕੇ। ਕੋਈ ਜਾਬਰ ਇਸ ਦੇਸ਼ ਨੂੰ ਗੁਲਾਮ ਬਣਾਂ ਕੇ ਧਾਰਮਕਿਤਾ ਤੇ ਸਭਿਅਚਾਰ ਨੂੰ ਨੁਕਸਾਨ ਨਾ ਪਹੁੰਚਾ ਸਕੇ। ਨਾਲ ਹੀ ਦਾਸ ਭਾਵਨਾ ਅਤੇ ਢੰਹਿਦੀ ਕਲਾ ਤੋਂ ਉਭਾਰ ਕੇ ਚੜ੍ਹਦੀ ਕਲਾ ਦੇ ਲੜ ਲਾ ਕੇ ਕਾਇਆ ਕਲਪ ਹੋ ਸਕੇ।

**ਅਦੁਤੀ ਓਦੇਸ਼ :** ਸਿੱਖਾਂ ਨੂੰ ਸ਼ਸਤ੍ਰਬੱਧ ਕਰ ਕੇ ਸੰਸਾਰ ਤੋਂ ਨਿਆਰਾ ਪੰਥ ਬਣਾਉਣਾਂ ਸੀ, ਜਿਸ ਵਿਚ ਸਿੱਖ ਅਜਿਹੀ ਦਿੱਖ ਵਿਚ ਵਿਚਰਨ ਕਿ ਭੀੜ ਵਿਚ ਵੀ ਪਛਾਣੇ ਜਾਣ। ਸਿੱਖਾਂ ਵਿਚ ਨਿਰਭੈਤਾ ਤੇ ਸੂਰਬੀਰਤਾ ਦੇ ਨਾਲ ਧਰਮ ਲਈ ਪ੍ਰੀਤ ਇਤਨੀ ਡੂੰਘੀ ਤੇ ਪੱਕੀ ਹੋਵੇ ਕਿ ਉਹ ਨਿਆਂ, ਮਨੁਖੀ ਹੱਕਾ, ਕੌਮ ਅਤੇ ਦੇਸ਼ ਦੀ ਅਣਖ ਲਈ ਡਟ ਕੇ ਕੁਰਬਾਨੀ ਦੇ ਸਕਣ। ਇਸ ਲਈ, ਗੁਰੂ ਜੀ ਨੇ ਸੀਸ ਮੰਗੇ ਤੇ ਨਿਤਰੇ ਮਰਜੀਵੜਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਪੰਜ ਪਿਆਰੇ ਸਜਾਇਆ, ਅਤੇ ਉਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਲਈ। ਅਜਿਹੇ ਚਮਤਕਾਰ ਵਜੋਂ ਹਜਾਰਾਂ ਸ਼ਰਧਾਲੂ 'ਸਿੰਘ' ਸਜੇ ਜਿਸ ਨਾਲ ਕਿਰਤ, ਕੁਲ, ਤੇ ਧਰਮ ਬਰਾਬਰੀ ਦੀ ਸਿਖਿਆ ਦ੍ਰਿੜਾਈ।



ਖੰਡੇ ਦੀ ਪਾਹੁਲ ਦਾ ਉਦੇਸ਼ ਐਸੀ ਕੌਮ ਖੜੀ ਕਰਨਾਂ ਸੀ ਜਿਹੜੀ ਦੇਸ਼ ਵਿਚ ਧਰਮ ਤੇ ਸੁਤੰਤਰਤਾ ਦੀ ਸਥਾਪਤੀ ਕਰ ਕੇ ਧਰਮ-ਯੁਧ ਦੇ ਚਾਉ ਨਾਲ ਧਰਮ ਦੀ ਰੱਖਿਆ ਲਈ ਦ੍ਰਿੜ ਹੋਵੇ।

**ਅਦੁੱਤੇ ਚਿੰਤਨ ਤੇ ਵਰਦਾਨ ਦਾ ਅਧਾਰ:** ਗੁਰੂ ਗੋਬਿੰਦ ਸਿੰਘ ਜੀ ਦੇ ਸਰਬ-ਪੱਖੀ ਅਦੁੱਤੇ ਚਿੰਤਨ ਦਾ ਮੂਲ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਗੁਰੂ ਦੀ ਸਿਖਿਆ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਗੁਰੂ ਨਾਨਕ ਜੀ ਤੇ ਖਾਲਸਾ ਪੰਥ ਸਾਜਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਇਕ ਨਵੇਕਲੀ ਕਿਸਮ ਦਾ ਸੁਤੰਤਰ ਤੇ ਪੂਰਾ ਸਿੱਖ ਸਾਜਣਾਂ ਸੀ। ਇਹ ਸਿੱਖ ਖਾਸ ਕਿਸਮ ਦੀ ਮਾਨਸਿਕਤਾ, ਆਤਮਕ ਅਵਸਥਾ, ਪ੍ਰਭ-ਪ੍ਰੀਤ ਵਿਚ ਗੜੁਚ ਸਦਾਚਾਰਕ ਅਤੇ ਨੈਤਿਕ ਕਦਰਾਂ ਵਾਲਾ ਹੋਵੇ। ਨਾਲ ਹੀ ਗ੍ਰਿਹਸਥ ਵਿਚ ਨਿਰਬਾਣ ਰਹਿੰਦਿਆਂ ਕਿਰਤ ਕਰ ਕੇ ਵੰਡ ਛਕਣ ਵਾਲਾ ਹੋਵੇ; ਅਤੇ ਅਣਖ, ਗੈਰਤ, ਤੇ ਧਾਰਮਿਕ ਅਕੀਦੇ ਨੂੰ ਖੀਣ ਕਰਨ ਵਾਲਿਆਂ ਦੀ ਜੜ੍ਹ ਮੂਲੋਂ ਪੁਟਣ ਲਈ ਸੰਘਰਸ਼ ਕਰੇ। ਇਹ ਚਿੰਤਨ ਗੁਰੂ ਜੀ ਦੀਆਂ ਅਕਾਲ ਪੁਰਖ ਨੂੰ ਸੰਬੋਧਤ ਜਾਪ ਸਾਹਿਬ ਅਤੇ ਹੋਰ ਬਾਣੀਆਂ ਵਿਚ ਸਪਸ਼ਟ ਹੈ।

ਜਾਪ ਸਾਹਿਬ ਵਿਚ ਗੁਰੂ ਜੀ ਨੇ ਅਕਾਲ ਪੁਰਖ ਨੂੰ ਤਿੰਨਾਂ ਭਵਨਾਂ ਦਾ ਮਾਲਕ ਦਰਸਾਇਆ, ਜਿਸ ਨੂੰ ਸਭ ਦੇਵਤੇ, ਦੈਂਤ, ਅਤੇ ਬਨਸਪਤੀ ਦੇ ਤਿਨਕੇ ਤਕ ਬੇਅੰਤ ਕਹਿ ਕੇ ਸਿਮਰਦੇ ਹਨ। ਨਾਲ ਹੀ, ਅਕਾਲ ਪੁਰਖ ਉੱਤੇ ਪੂਰਨ ਵਿਸ਼ਵਾਸ਼ ਤੇ ਸੂਰਬੀਰਤਾ ਜਗਾਉਣ ਲਈ ਉਸ ਨੂੰ ਸ਼ਸਤ੍ਰਧਾਰੀ ਕਹਿ ਕੇ ਅਰਾਧਨਾ ਕਰਦੇ ਹਨ। ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਕਈ ਸੈਂਕੜੇ ਗੁਣ ਦ੍ਰਿੜਾਏ। ਜਿਵੇਂ, ਦਇਆਲੁ ਹੈ। ਸਭ ਜਾਤਾਂ, ਕੁਲਾਂ, ਬਿਰਾਦਰੀਆਂ ਤੇ ਧਰਮਾ ਤੋਂ ਉਪਰ ਹੈ। ਉਸ ਦਾ ਕੋਈ ਦੇਸ਼, ਭੇਸ, ਜਾਂ ਘਰ ਨਹੀਂ। ਸਭ ਨੂੰ ਪੈਦਾ ਕਰਨ, ਪਾਲਣ ਤੇ ਨਾਸ਼ ਕਰਨ ਵਾਲਾ ਹੈ।

ਉਹ ਸਭ ਦੇਸ਼ਾ ਤੇ ਪਹਿਰਾਵਿਆਂ ਵਿਚ ਮੌਜੂਦ ਹੈ। ਉਸਦਾ ਹੁਕਮ ਹਰ ਪਾਸੇ ਚਲ ਰਿਹਾ ਹੈ। ਸਭ ਦੇ ਅੰਗ-ਸੰਗ ਰਹਿਣ ਵਾਲਾ ਹੈ। ਹੰਕਾਰੀਆਂ ਦਾ ਹੰਕਾਰ ਤੋੜਨ ਵਾਲਾ ਤੇ ਗਰੀਬਾਂ ਦਾ ਰੱਖਿਅਕ ਹੈ। ਬਦੀਆਂ ਦਾ ਨਾਸ ਕਰਨ ਵਾਲਾ ਤੇ ਸਭ ਧਰਮਾਂ ਨੂੰ ਨਿਭਾਉਣ ਤੇ ਜਨਮ-ਮਰਨ ਦੇ ਦੁਖਾਂ ਨੂੰ ਨਾਸ ਕਰਨ ਵਾਲਾ ਹੈ। ਦੀਨਾਂ ਦੀ ਰੱਖਿਆ ਤੇ ਪਾਲਣਾਂ ਵਾਲਾ, ਸੰਤਾਂ-ਭਗਤਾਂ ਨੂੰ ਉਭਾਰਨ ਵਾਲਾ, ਅਤੇ ਗਰੂਰ ਭਰੇ ਜਾਬਰ ਤੇ ਦੁਸ਼ਟਾਂ ਦਾ ਖਾਤਮਾਂ ਕਰਨ ਵਾਲਾ ਹੈ। ਪਾਪ, ਜਬਰ ਤੇ ਜੁਲਮ ਕਰਨ ਵਾਲੇ ਦੁਰਜਨਾਂ ਦੇ ਦਲਾਂ ਨੂੰ ਪਲ ਵਿਚ ਹੀ ਨਾਸ਼ ਕਰਨ ਵਾਲਾ ਹੈ।

ਚੌਪਈ ਸਾਹਿਬ ਵਿਚ ਗੁਰੂ ਜੀ ਅਸੀਸ ਮੰਗਦੇ ਹਨ ਕਿ ਅਕਾਲ ਪੁਰਖ ਸਦਾ ਅੰਗ-ਸੰਗ ਰਹਿਣ ਤੇ ਮਨ ਤੋਂ ਮੌਤ ਦਾ ਡਰ ਹਮੇਸ਼ਾ ਲਈ ਹਟਾ ਦੇਂਣ। 'ਦੇਹ ਸਿਵਾ ਬਰੁ ਮੋਹਿ' ਵਾਲੇ ਸ਼ਬਦ ਰਾਹੀਂ ਅਕਾਲ ਪੁਰਖ ਅਗੇ ਬੇਨਤੀ ਕਰਦੇ ਹਨ ਕਿ ਉਨ੍ਹਾਂ ਉਪਰ ਨਿਰਭੈਤਾ, ਨੇਕੀ ਤੇ ਤਿਆਗ ਭਾਵਨਾ, ਅਤੇ ਸਦਾ ਉਸ ਦੇ ਗੁਣ-ਗਾਇਨ ਦੀ ਦ੍ਰਿੜਤਾ ਬਣੀ ਰਹੇ। ਭਰਪੂਰ ਸ਼ਰਧਾ ਨਾਲ ਚੰਗਾ ਕੰਮ ਕਰਨ ਤੋਂ ਨ ਡਰਨ।

ਆਪਣੀ ਜਿਤ ਉਪਰ ਪੂਰਨ ਵਿਸ਼ਵਾਸ, ਅਤੇ ਭੀੜ ਵੇਲੇ ਧਰਮ-ਯੁਧ ਵਿਚ ਜੂਝਦਿਆਂ ਆਪਾ ਨਿਛਾਵਰ ਕਰ ਦੇਣ।ਇਸ ਅਦੁਤੀ ਸੋਚ ਦਾ ਕਮਾਲ ਹੈ ਕਿ ਮਾਨਸਿਕ ਜਾਗ੍ਰਿਤੀ ਤੇ ਸਰੀਰਕ ਸ਼ਕਤੀ ਲਈ ਤਿਆਰੀ ਦੇ ਨਾਲ ਪ੍ਰਭੂ ਦੀ ਅਰਾਧਨਾ ਵੀ ਜਾਰੀ ਰਹਿਣ ਲਈ ਬੇਨਤੀ ਹੈ, ਪਰ ਨਿੱਜੀ ਸੁਖ ਤੇ ਲਾਭ ਦੀ ਜਾਚਨਾ ਨਹੀਂ। ਗੁਰੂ ਸਾਹਿਬ ਹਲੀਮੀ ਦੀ ਮੂਰਤ ਸਨ ਅਤੇ ਅੰਦਰ ਲੋਕ-ਤੰਤਰੀ ਸੇਵਕ ਭਾਵਨਾ ਭਰੀ ਹੋਈ ਸੀ। ਫਰਮਾਨ ਕਰਦੇ ਹਨ ਕਿ ਸਭ ਤੋਂ ਉੱਚੇ ਤੇ ਸੱਚੇ ਮਰਜੀਵੜੇ ਮੇਰੇ ਸਿੱਖ ਹਨ, ਜਿਨ੍ਹਾਂ ਦੀ ਮਿਹਰਬਾਨੀ ਨਾਲ ਯੁਧ ਜਿਤੇ ਹਨ, ਅਤੇ ਸਭ ਕੁਝ ਪ੍ਰਾਪਤ ਕੀਤਾ ਹੈ।

ਗੁਰੂ ਜੀ ਦੀ ਧਾਰਨਾ ਸੀ ਕਿ ਸੁਤੰਤਰਤਾ ਤੇ ਸੂਰਬੀਰਤਾ ਦਾ ਅਟੁਟ ਸਾਥ ਹੈ। ਮਜਬੂਤ ਅਧਾਰ ਵਾਸਤੇ ਗੁਰਬਾਣੀ ਤੇ ਖੰਡੇ ਦਾ ਸੁਮੇਲ ਖਾਲਸੇ ਨੂੰ ਬਖਸ਼ਿਆ। ਗੁਰਬਾਣੀ ਦੀਆਂ ਮੂਲ ਧਾਰਨਾਵਾਂ ਨੂੰ ਹੋਰ ਦ੍ਰਿੜ ਕਰਾਉਣ ਵਾਸਤੇ ਇਕ ਨਵਾਂ ਰੂਪ ਦੇ ਕੇ ਸਮਝਾਇਆ ਕਿ ਆਪਣੇ ਆਪ ਤੋਂ ਪ੍ਰਗਟਿਆ ਅਕਾਲ ਪੁਰਖ ਸਦਾ ਕਇਮ ਰਹਿਣ ਵਾਲਾ ਤੇ ਅਮਿਤ ਸ਼ਕਤੀ ਵਾਲਾ ਹੈ, ਜੋ ਅਣਗਿਣਤ ਇੰਦਰਾਂ, ਦਵੇਤਿਆਂ, ਰਾਜਿਆਂ ਅਤੇ ਸ਼ਾਹਾਂ ਦਾ ਸ਼ਹਿਨਸ਼ਾਹ ਹੈ।

**ਅਦੁੱਤੀ ਸੋਚ ਦੇ ਪਰਣਾਂਮ:** ਗੁਰੂ ਜੀ ਦੀ ਇਕ ਈਸ਼ਵਰਤਾ, ਵਿਸ਼ਵ ਏਕਤਾ, ਮਾਨਵ ਪਿਆਰ ਤੇ ਭਰਾਤਰੀਤਾ ਦੇ ਬੇਬਾਕ ਵਰਣਨ ਤੇ ਅਦੁਤੀ ਸਿਖਿਆ ਸਦਕਾ ਸਿੱਖਾਂ ਨੂੰ ਇਕ ਨਵੀਂ ਸੋਚ ਮਿਲ ਗਈ। ਉਹ ਆਪਣੇ ਹੱਕਾਂ ਤੇ ਨਿਆਂ ਲਈ ਜੂਝਣ ਵਾਸਤੇ ਦ੍ਰਿੜ ਹੋ ਗਏ। ਗੁਰੂ ਜੀ ਨੇ ਇਹ ਵੀ ਦ੍ਰਿੜ ਕਰਵਾ ਦਿਤਾ ਕਿ ਜਦ ਹਕੂਮਤ ਜਾਂ ਹੋਰ ਜਾਬਰਾਂ ਵਲੋਂ ਦੀਨਾਂ ਤੇ ਧਰਮੀਆਂ ਉਤੇ ਦਮਨ ਰੋਕਣ ਦੇ ਸਭ ਹੀਲੇ ਖਤਮ ਹੋ ਜਾਣ ਤਾਂ ਤੇਗ ਚੁੱਕਣੀ ਧਰਮ ਤੇ ਨੈਤਿਕਤਾ ਹੈ।

ਦਸਮ ਪਾਤਸ਼ਾਹ ਨੇ ਅਦੁੱਤੀ ਸੋਚ ਸਦਕਾ ਗੁਰੂ ਗ੍ਰੰਥ ਜੀ, ਭਾਵ ਸ਼ਬਦ ਗੁਰੂ, ਨੂੰ ਖਾਲਸੇ ਦਾ ਗੁਰੂ ਥਾਪ ਕੇ ਤੇ ਸਿੱਖ ਪੰਥ ਨੂੰ ਸ਼ਬਦ ਗੁਰੂ ਦੀ ਤਾਬਿਆ ਕਰ ਕੇ ਸਭ ਤਰਾਂ ਦੀ ਦੇਹਧਾਰੀ ਗੁਰੂ ਪ੍ਰਥਾ ਨੂੰ ਸਮਾਪਤ ਕਰ ਦਿਤਾ। ਸ਼ਬਦ ਗੁਰੂ ਦੀ ਨਰੋਈ ਤੇ ਨਿਰਾਲੀ ਲੀਹ ਤੋਰ ਕੇ ਸ਼ਬਦ ਨੂੰ ਹੀ ਅਧਿਆਤਮਕ, ਨੈਤਿਕ ਤੇ ਹਰ ਤਰਾਂ ਦੀ ਅਗਵਾਈ ਦਾ ਨਵਾਂ ਮਾਰਗ-ਦਰਸ਼ਕ ਥਾਪਿਆ।

ਦਸਮ ਪਿਤਾ ਦੇ ਚਿੰਤਨ ਤੇ ਵਿਚਾਰਧਾਰਾ ਦੇ ਵਰਦਾਨ ਸਦਕਾ ਖਾਲਸਾ ਪੰਥ ਦੇ ਦ੍ਰਿੜ ਸੰਕਲਪ ਕਾਰਨ ਮੁਗਲ ਸਰਕਾਰ ਦੀਆਂ ਅਨੇਕ ਰੁਕਾਵਟਾਂ, ਪਰੇਸ਼ਾਨੀਆਂ ਅਤੇ ਬੰਧਨਾਂ ਦੇ ਹੁੰਦਿਆਂ ਸਿੰਘਾਂ ਨੇ ਮੁਗਲ ਸਰਕਾਰ ਨਾਲ ਟੱਕਰ ਲਈ ਤੇ ਸ਼ਹੀਦੀਆਂ ਪ੍ਰਾਪਤ ਕਰ ਕੇ ਜਿੱਤਾਂ ਪ੍ਰਾਪਤ ਕੀਤੀਆਂ। ਅਦੁੱਤੀ ਸੋਚ ਸਦਕਾ ਪਰਵਾਰਕ ਮੁਸੀਬਤਾਂ ਤੇ ਸ਼ਹੀਦੀਆਂ ਦੇ ਹੁੰਦਿਆਂ ਵੀ ਗਰੂ ਸਾਹਿਬ ਆਖਰੀ ਦਮ ਤਕ ਅਕਾਲ ਪੁਰਖ ਦੇ ਭਰੋਸੇ ਅਣਖ, ਬੀਰਤਾ, ਸਵੈਮਾਣ ਨਾਲ ਚੜਦੀ ਕਲਾ ਵਿਚ ਰਹੇ।

ਗੁਰੂ ਜੀ ਵਲੋਂ ਅਦੁਤੇ ਵਰਦਾਨ ਨਾਲ ਜਗਾਈ ਜੋਤ ਦੇ ਪ੍ਰਕਾਸ਼ ਕਾਰਨ ਖਾਲਸੇ ਨੇ ਸੰਘਰਸ਼ ਕਰਕੇ ਅਠਾਰ੍ਹਵੀਂ ਸਦੀ ਵਿਚ ਮੁਗਲ ਰਾਜ ਸਦਾ ਲਈ ਖਤਮ ਕੀਤਾ, ਅਤੇ ਸਿੱਖਾਂ ਦਾ ਧਰਮ-ਨਿਰਪੱਖ ਰਾਜ ਸਥਾਪਤ ਹੋਇਆ।

ਇਸੇ ਅਦੁਤੀ ਸੋਚ ਦੇ ਵਰਦਾਨ ਕਾਰਣ ਹੀ ਪੰਜਾਬ ਸਭ ਤੋਂ ਬਾਅਦ ਵਿਚ ਅੰਗਰੇਜਾਂ ਦਾ ਗੁਲਾਮ ਹੋਇਆ, ਅਤੇ ਅਜਾਦੀ ਦੇ ਸੰਘਰਸ਼ ਵਿਚ ਸਿੱਖਾਂ ਨੇਂ ਆਪਣੀ ਅਬਾਦੀ ਨਾਲੋਂ ਬਹੁਤ ਵੱਧ ਕੁਰਬਾਨੀਆਂ ਦਿੱਤੀਆਂ। ਇਥੇ ਹੀ ਬਸ ਨਹੀਂ, ਸਿੱਖ ਹਮੇਸ਼ਾਂ ਸੰਸਾਰ ਭਰ ਵਿਚ ਦੀਨ ਦੁਖੀਆਂ ਦੀ ਰਖਿੱਆ ਤੇ ਸਹਾਇਤਾ ਲਈ ਸਭ ਤੋ ਵੱਧ ਹਿੱਸਾ ਪਾਉਣ ਲਈ ਤਤਪਰ ਰਹਿੰਦੇ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਅਦੁੱਤੇ ਚਿੰਤਨ ਦੀ ਮਹਾਨਤਾ ਨੂੰ ਸ਼ਰਧਾ ਦੇ ਫੁਲ ਭੇਟ ਕਰਦਿਆਂ ਮਹਾਸ਼ਾ ਰਣਬੀਰ ਨੇ ਇਸਤਰਾਂ ਲਿਖਿਆ ਹੈ। ਉਹ ਅਜ਼ੀਮਤਰੀਨ ਫਲਸਫੀ, ਧਾਰਮਕਿ ਆਗੂ, ਸਿਆਸਤਦਾਨ, ਦੇਸ਼ ਭਗਤ, ਪ੍ਰੰਧਕ ਅਤੇ ਬਾਣੀਕਾਰ ਸਨ। ਕਿਸੇ ਇਕ ਫਿਰਕੇ ਜਾਂ ਧਰਮ ਦੇ ਨਹੀਂ, ਸਗੋਂ ਸਮੁਚੀ ਮਨੁੱਖਤਾ ਦੇ ਸਨ। ਜਿਨ੍ਹਾਂ ਆਪਣੇਂ ਚਿੰਤਨ ਤੇ ਦੂਰ-ਅੰਦੇਸ਼ੀ ਨਾਲ ਨਵੇਂ ਯੁਗ ਦਾ ਨਿਰਮਾਣ ਕੀਤਾ, ਜਿਸ ਤੋਂ ਬਿਨਾਂ ਸ਼ਾਇਦ ਇਹ ਦੇਸ਼ ਹਜਾਰਾਂ ਵਰ੍ਹੇ ਹੋਰ ਅਜਾਦ ਨ ਹੁੰਦਾ। ਉਨ੍ਹਾਂ ਦੀ ਸ਼ਖਸੀਅਤ ਵਿਚ ਸਿਮਰਨ, ਸੂਰਬੀਰਤਾ, ਕੁਰਬਾਨੀ, ਸਾਹਿਤ, ਸਦਾਚਾਰ, ਨੈਤਿਕਤਾ, ਕੌਮੀ ਉਸਾਰੀ, ਸਿਆਸਤ, ਤੇ ਪ੍ਰਬੰਧਕਾਰੀ ਵਜੋਂ ਕਮਾਲ ਦੀ ਨਿਪੁੰਨਤਾ ਝਲਕਦੀ ਹੈ। ਸਾਰੇ ਪੱਖ ਪਰਮਾਤਮਾ-ਵਿਸ਼ਵਾਸੀ ਹਨ ਅਤੇ ਆਤਮ-ਵਿਸ਼ਵਾਸ ਨਾਲ ਅਨਿਖੜਵੇਂ ਜੁੜੇ ਹੋਏ ਹਨ। ਐਸੇ ਕਮਾਲ ਦਾ ਵਿਅਕਤਿਤਵ ਕਿਸੇ ਹੋਰ ਵਿਚ ਅੱਜ ਤਕ ਨਹੀਂ ਦਿਸਿਆ। ਨਿਰਸੰਦੇਹ, ਉਹ ਸਵੈ-ਮਾਣ, ਸਵੈ-ਵਿਸ਼ਵਾਸ, ਸਵੈ-ਤਿਆਗ ਤੇ ਸਵੈ-ਸਮਰਪਣ ਦਾ ਮੁਜੱਸਮਾਂ ਸਨ।

**ਸਾਰਅੰਸ਼**

ਗੁਰੂ ਗੋਬਿੰਦ ਸਿੰਘ ਜੀ ਨੇ ਅਦੁਤੀ ਚਿੰਤਨ ਤੇ ਵਰਦਾਨ ਵਾਲੇ ਸੰਕਲਪ ਰਾਹੀਂ ਸਰੀਰਕ ਗੁਰੂ ਦੀ ਪ੍ਰਥਾ ਖਤਮ ਕਰ ਕੇ ਗੁਰੂ ਗ੍ਰੰਥ (ਸ਼ਬਦ ਗੁਰੂ) ਨੂੰ ਸਦੀਵੀ ਗੁਰੂ ਸਥਾਪਤ ਕਰ ਦਿਤਾ। ਨਾਲ ਹੀ ਖਾਲਸੇ ਦੀ ਨਵੇਕਲੀ ਪਛਾਣ ਪ੍ਰਗਟ ਕੀਤੀ। ਸੱਚ, ਧਰਮ, ਦੀਨਾਂ ਦੀ ਸੁਰੱਖਿਆ, ਤੇ ਦੇਸ਼ ਦੀ ਅਜਾਦੀ ਦੀ ਸੋਚ ਫੂਕ ਕੇ ਨਵੀਂ ਵਿਚਾਰਧਾਰਾ ਦੀ ਸਦੀਵੀ ਜੋਤ ਜਗਾਈ।

**ਭੂਢ ਕੋਰੜਾ ਛੰਦ**

ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

1.ਅਨੰਦਪੁਰ ਗੁਰਾਂ ਛੱਡਿਆ ਅਖੀਰ ਜੀ, ਕੀਤੀ ਸੀ ਵਿਚਾਰ ਵੀ।
ਸਰਸਾ ਦੇ ਪਾਣੀ ਨੇ ਵਿਛੋੜੇ ਵੀਰ ਜੀ ,ਸਾਰਾ ਪਰਿਵਾਰ ਵੀ।
ਗੜ੍ਹੀ ਚਮਕੌਰ ਦੇਖੇ ਮਹਿਮਾਨ ਨੂੰ, ਮੁੱਖ ਤੇ ਮਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

2.ਗੜ੍ਹੀ ਪੁੱਜ ਸਿੰਘ ਮੋਰਚੇ ਸੰਭਾਲਦੇ, ਨੀਤੀਆਂ ਬਣਾਂਵਦੇ।
ਠੰਢੀ ਨ੍ਹੇਰੀ ਰਾਤ ਚ ਮਸ਼ਾਲ ਬਾਲਦੇ, ਪਹਿਰੇ ਤੇ ਬਿਠਾਂਵਦੇ।
ਸਿੱਖ ਮੰਨਦੇ ਨੇ ਗੁਰ-ਫੁਰਮਾਨ ਨੂੰ, ਕਰਦੇ ਸਵਾਲ ਨਾ ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

3.ਲੱਖਾਂ ਦੀ ਤਾਦਾਦ ਵਿੱਚ ਫੌਜਾਂ ਆਣ ਕੇ, ਘੇਰਾ ਪਾਇਆ ਗੜ੍ਹੀ ਨੂੰ।
ਸਿੱਖ ਹੋਏ ਖੁਸ਼ ਪਰਚਾ ਪਛਾਣ ਕੇ, ਏਸ ਔਖੀ ਘੜੀ ਨੂੰ।
ਝਟਕੇ ਦੇ ਨਾਲ ਮਾਰਨਾ ਸ਼ੈਤਾਨ ਨੂੰ, ਕਰਨਾ ਹਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

4.ਗਿਣਤੀ ਚ ਚਾਲੀ ਸਿੰਘ ਤਾਂ ਦਲੇਰ ਜੀ, ਟਿੱਡੀ ਦਲ ਬਾਹਰ ਜੀ।
ਜੱਥੇ ਪੰਜ ਪੰਜ ਦੇ ਲਗਾਂਦੇ ਢੇਰ ਜੀ, ਲੱਭਦੀ ਨਾ ਠਾਹਰ ਜੀ।
ਜਿਹੜਾ ਅੱਗੇ ਆਵੇ ਮਾਰਦੇ ਜਵਾਨ ਨੂੰ, ਐਸਾ ਹੋਰ ਕਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

5.ਚੱਲਦੇ ਨੇ ਤੀਰ ਤਲਵਾਰਾਂ ਗੋਲੀਆਂ, ਤਾਂ ਮੈਦਾਨ ਵਿੱਚ ਜੀ।
ਖੱਬੀ ਖਾਨਾਂ ਦੀਆਂ ਇੱਜਤਾਂ ਨੇ ਰੋਲੀਆਂ, ਬੜਾ ਹੋਏ ਜਿੱਚ ਜੀ।
ਮਿਲੇ ਨਾ ਵਕਤ ਪੜ੍ਹਦੇ ਕੁਰਾਨ ਨੂੰ, ਹੋਣੀ ਹੁੰਦੀ ਟਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

6.ਅਜੀਤ ਸਿੰਘ ਅੱਡੀ ਘੋੜੇ ਤਾਈਂ ਲਾਈ ਏ, ਝੱਖੜ ਝੁਲਾਂਵਦਾ।
ਵੈਰੀਆਂ ਨੂੰ ਰਤਾ ਨਾ ਸੁਰਤ ਆਈ ਏ, ਜਾਂਦਾ ਆਹੂ ਲਾਂਹਵਦਾ।
ਜੰਗ ਵਿੱਚ ਤੱਕਦਾ ਨੀ ਲਾਭ ਹਾਨ ਨੂੰ, ਦੇਹੀ ਦੀ ਸੰਭਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ ,ਜੱਗ ਤੇ ਮਿਸਾਲ ਨਾ।

7.ਚਾਰੇ ਪਾਸਿਆਂ ਤੋਂ ਵੱਡਾ ਹੱਲਾ ਬੋਲਿਆ, ਤੀਰਾਂ ਤਲਵਾਰਾਂ ਨੇ।
ਜਖਮੀ ਅਜੀਤ ਵੀ ਰਤਾ ਨਾ ਡੋਲਿਆ, ਨਦਰਾਂ ਹਜਾਰਾਂ ਨੇ।
ਛੱਡਿਆ ਅਖੀਰ ਦੇਹੀ ਨਾਸਵਾਨ ਨੂੰ, ਰੋਕਿਆ ਤਾਂ ਕਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

8.ਪਿਤਾ ਤਾਈਂ ਬਿਨੈ ਕੀਤੀ ਸੀ ਜੁਝਾਰ ਨੇ, ਮੈਨੂੰ ਦੇਵੋ ਆਗਿਆ।
ਸ਼ਸ਼ਤਰ ਸਜਾਏ ਹੱਥੀਂ ਸੀ ਦਾਤਾਰ ਨੇ, ਰਤਾ ਮੋਹ ਨਾ ਜਾਗਿਆ।
ਐਸਾ ਪਿਤਾ ਕਿੱਥੋਂ ਮਿਲਣੈ ਜਹਾਨ ਨੂੰ, ਐਸਾ ਲੱਭੇ ਲਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

9.ਖੇਡਿਆ ਜੁਝਾਰ ਖੂਨ ਦੀਆਂ ਹੋਲੀਆਂ, ਬਾਪੂ ਮਾਣ ਕਰਦਾ।
ਸੀਨੇ ਵਿੱਚ ਖਾਵੇ ਤੀਰ ਅਤੇ ਗੋਲੀਆਂ, ਮਰਨੋਂ ਨ੍ਹੀ ਡਰਦਾ।
ਹੋ ਗਿਆ ਸ਼ਹੀਦ ਸਿੰਜ ਕੇ ਮੈਦਾਨ ਨੂੰ, ਸਕਦੇ ਉਠਾਲ ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

10.ਵੱਡੇ ਸਾਹਿਬਜ਼ਾਦੇ ਸਿੰਘ ਵੀ ਅਨੇਕ ਜੀ, ਤਾਂ ਸ਼ਹੀਦੀ ਪਾ ਗਏ।
ਨਬੀ ਖਾਂ ਤੇ ਗਨੀ ਖਾਂ ਦੋ ਬੰਦੇ ਨੇਕ ਜੀ, ਪੁੰਨ ਤਾਂ ਕਮਾ ਗਏ।
ਕੱਢਿਆ ਏ ਇੱਥੋਂ ਵਾਲੀ-ਦੋ-ਜਹਾਨ ਨੂੰ, ਭੁੱਲੇ ਤਾਂ "ਰੁਪਾਲ" ਨਾ।
ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ, ਜੱਗ ਤੇ ਮਿਸਾਲ ਨਾ।

---------------

# ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ

ਸਰਦਾਰ ਜਸਵਿੰਦਰ ਸਿੰਘ ਰੁਪਾਲ - 9814715796 ਕੈਲਗਰੀ (ਕੈਨੇਡਾ)



ਸ੍ਰ. ਜਸਵਿੰਦਰ ਸਿੰਘ ਰੁਪਾਲ

ਸਿੱਖ ਕੌਮ ਇਸ ਗੱਲ ਤੋਂ ਨਿਰਾਲੀ ਹੈ ਅਤੇ ਮਾਣ ਕਰਦੀ ਆਈ ਹੈ ਕਿ ਇਸ ਵਿੱਚ ਸ਼ਬਦ ਨੂੰ ਗੁਰੂ ਦੀ ਉਪਾਧੀ ਦਿੱਤੀ ਗਈ ਹੈ। ਇਸ ਦੇ ਸੰਸਥਾਪਕ ਗੁਰੂ ਨਾਨਕ ਜੀ ਤੋਂ ਜਦੋਂ ਸਿੱਧਾਂ ਨੇ ਪੁੱਛਿਆ ਸੀ ਕਿ ਤੇਰਾ ਗੁਰੂ ਕੌਣ ਹੈ, ਤਾਂ ਉਹਨਾਂ ਨੇ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਆਖ ਕੇ ਇੱਕ ਤਰਾਂ ਨਾਲ ਸ਼ਬਦ-ਗੁਰੂ ਨੂੰ ਗੁਰਿਆਈ ਦੇ ਦਿੱਤੀ ਸੀ। ਇਸੇ ਸ਼ਬਦ ਨੂੰ ਉਹਨਾਂ ਨੇ ਸਭ ਤੋਂ ਵੱਡੀ ਕਰਾਮਾਤ ਵੀ ਦੱਸਿਆ ਸੀ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ, ਅੱਜ ਦੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗਿਆਨ ਸਭ ਤੋਂ ਵੱਡੀ ਸ਼ਕਤੀ ਹੈ। ਗੁਰਬਾਣੀ ਦੇ ਹੋਰ ਹਵਾਲੇ ਅਤੇ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਚਨਾਂ ਵਿਚੋਂ ਬਾਣੀ-ਗੁਰੂ ਦੀਆਂ ਝਲਕਾਂ ਦੀ ਗੱਲ ਨਾ ਕਰਦੇ ਹੋਏ ਅੱਜ ਅਸੀਂ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ-ਸਤਿਕਾਰ ਤੇ ਕੇਂਦਰਿਤ ਹੋਵਾਂਗੇ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਾਣੀ ਦੀ ਗੁੜ੍ਹਤੀ ਘਰੋਂ ਹੀ ਮਿਲੀ । ਗੁਰਬਾਣੀ ਦਾ ਸਤਿਕਾਰ ਉਹਨਾਂ ਦੇ ਵੱਡੇ ਵਡੇਰੇ ਕਰਦੇ ਆਏ ਹੋਣ ਕਰਕੇ ਉਹਨਾਂ ਨੂੰ ਬਚਪਨ ਵਿੱਚ ਹੀ ਜਿੱਥੇ ਹੋਰ ਦੁਨਿਆਵੀ ਵਿੱਦਿਆ ਦਿੱਤੀ ਗਈ, ਉੱਥੇ ਗੁਰਬਾਣੀ ਦਾ ਗਿਆਨ ਅਤੇ ਪ੍ਰੇਮ ਵੀ ਪ੍ਰਤੱਖ ਰੂਪ ਵਿੱਚ ਮਿਲਿਆ। ਉਹਨਾਂ ਦੇ ਜੀਵਨ ਵਿਚੋਂ ਕੁਝ ਘਟਨਾਵਾਂ ਦਾ ਜਿਕਰ ਕਰਦੇ ਹਾਂ ਜਿਹੜੀਆਂ ਉਹਨਾਂ ਦੇ ਬਾਣੀ ਦੇ ਸਤਿਕਾਰ ਨੂੰ ਪ੍ਰਗਟਾਉਂਦੀਆਂ ਹਨ।

ਦਸੰਬਰ 1704 ਈਸਵੀ ਵਿੱਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਣ ਵੱਲੋਂ ਆਪਣੇ ਆਪਣੇ ਇਸ਼ਟ ਦੀਆਂ ਖਾਧੀਆਂ ਕਸਮਾਂ ਤੇ ਇਤਬਾਰ ਕਰਕੇ ਛੱਡਿਆ, ਤਾਂ ਦੁਸ਼ਮਣ ਨੇ ਕਸਮਾਂ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ। ਲੜਦੇ ਲੜਦੇ ਸਰਸਾ ਨਦੀ ਦੇ ਕੰਢੇ ਪੁੱਜ ਗਏ। ਅੰਮ੍ਰਿਤ ਵੇਲਾ ਹੋਇਆ ਜਾਣ ਕੇ, ਕੁਝ ਸਿੱਖਾਂ ਦੀ ਪਹਿਰੇ ਤੇ ਡਿਊਟੀ ਲਗਾਈ ਅਤੇ ਆਸਾ ਦੀ ਵਾਰ ਸ਼ੁਰੂ ਕਰ ਦਿੱਤੀ। ਇਸ ਅਵਸਥਾ ਨੂੰ ਜਾਣਨਾ ਅਤੇ ਡੂੰਘਾਈ ਵਿੱਚ ਸਮਝਣਾ ਬਹੁਤ ਜਰੂਰੀ ਅਤੇ ਮਹੱਤਵਪੂਰਨ ਹੈ। ਗੁਰੂ ਸਾਹਿਬ ਇਸ ਸੰਕਟ ਦੇ ਸਮੇਂ ਵੀ ਆਪਣਾ ਨਿੱਤਨੇਮ ਛੱਡਣ ਲਈ ਤਿਆਰ ਨਹੀਂ, ਤੇ ਅਸੀਂ ਅੱਜ ਸਭ ਕੁਝ ਹੁੰਦੇ ਹੋਏ, ਸੁੱਖ ਸਹੂਲਤਾਂ ਮਾਣਦੇ ਹੋਏ ਵੀ ਨਿੱਤਨੇਮ ਨੂੰ ਵਿਸਾਰ ਬੈਠੇ ਹਾਂ।

ਇੱਕ ਹੋਰ ਘਟਨਾ ਗੁਰੂ ਸਾਹਿਬ ਦੇ ਜੀਵਨ ਵਿੱਚ ਇੰਝ ਹੈ ਕਿ ਜਦੋਂ ਉਹਨਾਂ ਨੇ ਇੱਕ ਸਿੱਖ ਨੂੰ ਪਾਠ ਕਰਦੇ ਗਲਤ ਉਚਾਰਣ ਕਰਦੇ ਸੁਣਿਆ, ਤਾਂ ਉਹਨਾਂ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਸੀ।

ਸਿੱਖ ਨੇ ਰਾਮਕਲੀ ਦੀ ਵਾਰ ਵਿਚਲੀ ਪੰਕਤੀ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ" ਨੂੰ ਗਲਤ ਪੜ੍ਹਿਆ ਸੀ। ਉਸਨੇ "ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੇ ਗੁਰ ਸੂਰਾ" ਪੜ੍ਹ ਦਿੱਤਾ ਸੀ। ਗੁਰੂ ਜੀ ਨੇ ਦੱਸਿਆ ਸੀ ਕਿ ਦੁਲਾਵਾਂ ਲਗਾ ਕੇ "ਕੈ" ਉਚਾਰਣ ਕਰਨ ਨਾਲ ਇਸ ਦੇ ਅਰਥ ਹੋਣਗੇ, ਕਿ ਕਰਤੇ ਦੀ ਮਿਤਿ ਜਾਂ ਕਰਤਾ ਜਾਣਦਾ ਹੈ ਤੇ ਜਾਂ ਗੁਰੂ। ਜਦ ਕਿ ਜੇ ਲਾਵਾਂ ਲਗਾ ਕੇ "ਕੇ" ਪੜ੍ਹਿਆ ਜਾਵੇ ਤਾਂ ਅਰਥ ਬਣਨਗੇ ਕਿ ਗੁਰੂ ਨੂੰ ਕਰਤੇ ਕੀ ਮਿਤਿ ਦਾ ਕੁਝ ਨਹੀਂ ਪਤਾ। ਗਲਤ ਉਚਾਰਣ ਕਰਨ ਨਾਲ ਅਰਥਾਂ ਦੇ ਅਨਰਥ ਹੋ ਰਹੇ ਹਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਉਹਨਾਂ ਦੇ ਸਿੱਖ ਗੁਰਬਾਣੀ ਦੇ ਠੀਕ ਅਰਥ ਜਾਣਦੇ ਹੋਣ, ਅਤੇ ਸ਼ੁੱਧ ਉਚਾਰਣ ਕਰਨ ਤਦ ਹੀ ਉਹ ਗੁਰਬਾਣੀ ਅਨੁਸਾਰ ਜੀਵਨ ਜੀਊ ਸਕਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਉਸੇ ਤਰਤੀਬ ਵਿੱਚ ਚੜ੍ਹਾਇਆ ਜਿਸ ਵਿੱਚ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤਾ ਸੀ। ਭਾਈ ਮਨੀ ਸਿੰਘ ਅਤੇ ਹੋਰ ਸਿੱਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਵਾਉਣੇ ਉਹਨਾਂ ਦੇ ਸ਼ਬਦ ਬਾਣੀ ਪ੍ਰਤੀ ਸਤਿਕਾਰ ਨੂੰ ਹੀ ਪਰਗਟ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ:- ਸਮੇਂ ਦੇ ਹਾਲਾਤ ਦੇਖ ਕੇ ਅਤੇ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੇ ਆਪਣੇ ਅੰਤਿਮ ਸਮੇ ਨੰਦੇੜ ਵਿਖੇ ਸਮੂਹ ਸੰਗਤ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ ਨਿਵਾਇਆ ਅਤੇ ਫੁਰਮਾਇਆ ਕਿ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹੋਣਗੇ।

ਸਿੱਖਾਂ ਦੇ ਇਹ ਪੁੱਛਣ ਤੇ ਕਿ ਤੁਹਾਡੇ ਤੋਂ ਬਾਅਦ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ, ਤਾਂ ਗੁਰੂ ਸਾਹਿਬ ਜੀ ਨੇ ਆਖਿਆ ਸੀ ਕਿ ਜਿਸ ਨੇ ਮੇਰੇ ਨਾਲ ਗੱਲ ਕਰਨੀ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰੇਮ ਨਾਲ ਪਾਠ ਕਰੇ। ਗੁਰੂ ਜੀ ਨੇ ਕਿਹਾ ਸੀ ਕਿ ਮੇਰਾ ਸਰੀਰ ਪੰਥ ਵਿੱਚ, ਆਤਮਾ ਗ੍ਰੰਥ ਵਿੱਚ ਹੋਏਗੀ। ਅੱਜ ਜਦੋਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਪੱਖੇ, ਏ.ਸੀ. ਅਤੇ ਰਜਾਈ ਦਿੰਦੇ ਦੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਉਹਨਾਂ ਨੂੰ ਗੁਰੂ ਜੀ ਦੇ ਅੰਤਿਮ ਬਚਨ ਕਿਉਂ ਭੁੱਲ ਗਏ ਹਨ ? ਆਤਮਾ ਨੂੰ ਤਾਂ ਗਰਮੀ ਸਰਦੀ ਨਹੀਂ ਲੱਗਦੀ। ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਨੂੰ ਅੰਗ ਆਖਣ ਵਾਲੇ ਵੀ ਇਹ ਭੁੱਲ ਗਏ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਹਨ।

ਗੁਰੂ ਗ੍ਰੰਥ ਸਾਹਿਬ ਜੀ ਬਾਰੇ ਦੋ ਸਾਡੇ ਭੁਲੇਖੇ : ਗੁਰੂ ਸਾਹਿਬ ਬਾਰੇ ਦੋ ਭੁਲੇਖੇ ਸੰਗਤ ਵਿਚ ਬਣੇ ਹੋਏ ਹਨ ਜਿਹਨਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ। ਪਹਿਲਾ ਭੁਲੇਖਾ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਜੀ ਤੋਂ ਇੱਕ ਪ੍ਰਸ਼ਨ ਪੁੱਛਿਆ ਜਿਹੜਾ ਸਲੋਕ ਮਹਲਾ ੯ ਵਿਚ ਦਰਜ ਹੈ - ਬਲੁ ਛੁਟਕਿਓ ਬੰਧਨੁ ਪਰੇ ਕਛੂ ਨ ਹੋਤ ਉਪਾਇ। ਕਹੁ ਨਾਨਕ ਅਬ ਓਟਿ ਹਰਿ ਗਜ ਜਿਉਹੋਹੁ ਸਹਾਇ। ਸਲੋਕ ਮਹਲਾ ੯, ਪੰਨਾ ੧੪੨੯).

ਕਿਹਾ ਜਾਂਦਾ ਏ ਕਿ ਇਸ ਤੋਂ ਅਗਲਾ ਸਲੋਕ, ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ ਗਿਆ ਜਵਾਬ ਹੈ। ਕੁਝ ਵਿਦਵਾਨ ਤਾਂ ਇਸ ਜਵਾਬ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਤੱਕ ਕਹਿਣ ਤੋਂ ਸੰਕੋਚ ਨਹੀਂ ਕਰਦੇ । ਦੂਸਰਾ ਸਲੋਕ ਇੰਝ ਹੈ - ਬਲੁ ਹੋਆ ਬੰਧਨੁ ਛੁਟੇ ਸਭੁ ਕਿਛੁ ਹੋਤ ਉਪਾਇ ॥ ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ॥ (ਸਲੋਕ ਮਹਲਾ ੯, ਪੰਨਾ ੧੪੨੯).

ਸਚਾਈ ਇਹ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ। ਆਪ ਹੀ ਸਵਾਲ ਕਰਕੇ ਉਸਦਾ ਜਵਾਬ ਲਿਖਣ ਦਾ ਤਰੀਕਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਵੀ ਬਹੁਤ ਥਾਵਾਂ ਤੇ ਹੋਰ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਵਲੋਂ ਵੀ ਵਰਤਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਹੋਣ ਦੇ ਦੋ ਹੋਰ ਵੱਡੇ ਕਾਰਨ ਹਨ। ਪਹਿਲਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ (ਜੇ ਉਹ ਸੱਚਮੁੱਚ ਹੀ ਉਹਨਾਂ ਦੀ ਹੈ) ਦਾ ਅੰਦਾਜ਼ ਅਤੇ ਸ਼ੈਲੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਖਰੀ ਹੈ । ਦੂਸਰਾ ਹੋਰ ਵੀ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਹੀ ਲਿਖਤ ਨੂੰ ਗੁਰੂ ਆਖ ਕੇ ਸੀਸ ਨਹੀਂ ਸੀ ਨਿਵਾ ਸਕਦੇ ।

ਸੋ ਇਹ ਸਪਸ਼ਟ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ। ਦੂਸਰਾ ਭੁਲੇਖਾ ਇਹ ਪ੍ਰਚੱਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੇ ਸ਼ਬਦ ਵਿੱਚ ਆਇਆ ਸ਼ਬਦ "ਖਲਾਸੇ" ਨੂੰ ਬਦਲ ਕੇ "ਖਾਲਸੇ"ਕੀਤਾ ਹੈ। ਇਹ ਸ਼ਬਦ ਇਸ ਤਰਾਂ ਹੈ - ਪਰਿਓ ਕਾਲੁ ਸਭੈ ਜਗ ਊਪਰ, ਮਾਹਿ ਲਿਖੇ ਭ੍ਰਮ ਗਿਆਨੀ॥ ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ॥ (ਪੰਨਾ ੬੫੪, ਸੋਰਠਿ ਕਬੀਰ ਜੀ)। ਕਿਹਾ ਜਾਂਦਾ ਏ ਕਿ ਆਖਰੀ ਪੰਕਤੀ ਵਿਚ ਕਹੁ ਕਬੀਰ ਜਨ ਭਏ ਖਲਾਸੇ ਸ਼ਬਦ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਕਰ ਦਿੱਤਾ ਸੀ। ਪਰ ਹਕੀਕਤ ਵਿੱਚ ਇਹ ਸੱਚ ਨਹੀਂ ਹੈ। ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਜਾਂ ਭਗਤਾਂ ਦੀ ਬਾਣੀ ਦਾ ਇੱਕ ਵੀ ਸ਼ਬਦ ਨਹੀਂ ਬਦਲਿਆ।

ਹੋਰ ਤਾਂ ਹੋਰ, ਸੰਪਾਦਕੀ ਹੱਕ ਰੱਖਣ ਵਾਲੇ ਗੁਰੂ ਅਰਜਨ ਦੇਵ ਜੀ ਨੇ ਵੀ ਜਿੱਥੇ ਕਿਤੇ ਲੋੜ ਪਈ ਹੈ, ਵੱਖਰਾ ਸ਼ਬਦ ਜਾਂ ਸਲੋਕ ਤਾਂ ਲਿਖ ਦਿੱਤਾ ਹੈ, ਪਰ ਮੂਲ ਸ਼ਬਦ ਨੂੰ ਨਹੀਂ ਬਦਲਿਆ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਜੀ ਵਲੋਂ ਗੁਰਬਾਣੀ ਦਾ ਇੱਕ ਸ਼ਬਦ ਵੀ ਬਦਲਿਆ ਜਾਣਾ ਪ੍ਰਵਾਨ ਨਹੀਂ ਸੀ ਕੀਤਾ। (ਆਧੁਨਿਕ ਸੰਪਾਦਕ ਵੀ ਮੂਲ ਲੇਖਕ ਦੀ ਰਚਨਾ ਵਿਚੋਂ ਜੋ ਆਪ ਨੂੰ ਠੀਕ ਨਹੀਂ ਲੱਗਦਾ, ਕੱਟ ਦਿੰਦੇ ਹਨ ਅਤੇ ਕੁਝ ਤਾਂ ਮੂਲ ਰਚਨਾ ਵਿਚ ਆਪਣੇ ਕੋਲੋਂ ਵੀ ਇੱਕ ਦੋ ਪੰਕਤੀਆਂ ਜੋੜ ਦਿੰਦੇ ਹਨ। ਹੈਰਾਨੀ ਹੁੰਦੀ ਹੈ ਜਦਕਿ ਹਰ ਅਖ਼ਬਾਰ ਅਤੇ ਮੈਗਜ਼ੀਨ ਦੇ ਸੰਪਾਦਕ ਸਾਫ ਲਿਖਦੇ ਹਨ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ। ਫੇਰ ਵੀ ਰਚਨਾ ਦੀ ਕਾਂਟੀ ਛਾਂਟੀ ਕਰਦੇ ਹਨ। ਗੁਰੂ ਅਰਜਨ ਸਾਹਿਬ ਜੀ ਤੋਂ ਸੰਪਾਦਕੀ ਸਿੱਖਣੀ ਚਾਹੀਦੀ ਹੈ ਜਿਹਨਾਂ ਨੇ ਨਾ ਕੇਵਲ ਹਰ ਲੇਖਕ ਦੀ ਰਚਨਾ ਦੀ ਜਿੰਮੇਵਾਰੀ ਹੀ ਲਈ ਹੈ ਸਗੋਂ ਮੂਲ ਰਚਨਾ ਹੂਬਹੂ ਉਸੇ ਤਰਾਂ ਛਾਪੀ ਗਈ ਹੈ। ਜੇ ਕਿਤੇ ਕੋਈ ਗੱਲ ਸਪਸ਼ਟ ਕਰਨ ਵਾਲੀ ਲੱਗੀ ਹੈ, ਨਾਲ ਆਪਣਾ ਸਲੋਕ ਉਚਾਰਿਆ ਹੈ, ਪਰ ਮੂਲ ਲਿਖਤ ਨੂੰ ਉਸੇ ਤਰਾਂ ਲਿਖਿਆ ਗਿਆ ਹੈ।)

ਦੂਸਰੀ ਗੱਲ ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ ਉਚੇਚਾ ਫੁੱਟਨੋਟ ਦੇ ਕੇ ਸਪਸ਼ਟ ਕੀਤਾ ਹੈ। ਭਾਈ ਸਾਹਿਬ ਜੀ ਦੇ ਸ਼ਬਦ ਇਸ ਤਰਾਂ ਹਨ - “ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ "ਖਲਾਸੇ" ਦੀ ਥਾਂ "ਖਾਲਸੇ" ਸ਼ਬਦ ਵਰਤਿਆ ਹੈ, ਪਰ ਇਹ ਉਨ੍ਹਾਂ ਦੀ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਕਰਤਾਰਪੁਰ ਵਾਲੀ ਬੀੜ ਵਿੱਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ।”

ਸੋ ਇਹ ਭੁਲੇਖੇ ਮਨ ਵਿਚੋਂ ਕੱਢ ਦੇਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਰੂਪ ਨੂੰ ਹੀ ਗੁਰੂ ਆਖਿਆ ਹੈ। ਉਹਨਾਂ ਨੇ ਤਾਂ ਸਿਰਫ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਹੈ ਅਤੇ ਉਹ ਵੀ ਪਹਿਲਾਂ ਹੀ ਚਲਦੀ ਤਰਤੀਬ ਅਨੁਸਾਰ ਹੀ।

ਇਸ ਮੱਤ ਤੇ ਸਿੱਖ ਕੌਮ ਵਿੱਚ ਵਿਵਾਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਾਣੀ ਰਚੀ ਕਿ ਨਹੀਂ। ਦਸਮ ਗ੍ਰੰਥ ਵਿੱਚ ਉਹਨਾਂ ਦੀ ਉਹਨਾਂ ਬਾਣੀ ਕਿੰਨੀ ਕੁ ਹੈ, ਵਿਦਵਾਨਾਂ ਅੰਦਰ ਇਸ ਬਾਰੇ ਵੱਖ ਵੱਖ ਵਿਚਾਰ ਹਨ। ਅਸੀਂ ਉਸ ਸਾਰੇ ਵਿਵਾਦ ਨੂੰ ਪਰ੍ਹੇ ਰੱਖਦੇ ਹੋਏ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਵੀ ਸ਼ਬਦ ਨਹੀਂ। ਸ਼ਾਇਦ ਇੱਕ ਵੱਡਾ ਕਾਰਨ ਇਹੋ ਹੋਵੇ, ਕਿ ਉਹ ਆਪਣੀ ਲਿਖਤ ਨੂੰ ਹੀ ਗੁਰੂ ਆਖ ਕੇ ਮੱਥਾ ਨਹੀਂ ਸੀ ਟੇਕ ਸਕਦੇ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨ ਦੀ ਇਜਾਜ਼ਤ ਅਕਾਲ ਤਖਤ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਨਾਮੇ :
ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਕੀਤੇ ਗਏ 52 ਹੁਕਮਨਾਮੇ ਸਿੱਖ ਪੰਥ ਵਿੱਚ ਬਹੁਤ ਸਤਿਕਾਰ ਦਾ ਸਥਾਨ ਰੱਖਦੇ ਹਨ। ਭਾਵੇਂ ਇਹਨਾਂ ਦਾ ਕੋਈ ਇਤਿਹਾਸਕ ਸਰੋਤ ਤਾਂ ਨਹੀਂ ਮਿਲਦਾ, ਪਰ ਫੇਰ ਵੀ ਸਾਰਾ ਪੰਥ ਇਹਨਾਂ ਹੁਕਮਨਾਮਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਹੁਕਮ ਹੀ ਮੰਨਦਾ ਹੈ। ਇਹਨਾਂ ਵਿਚੋਂ 10 ਹੁਕਮਨਾਮੇ ਅਜਿਹੇ ਹਨ, ਜਿਹੜੇ ਗੁਰਬਾਣੀ ਦੇ ਸਤਿਕਾਰ ਨੂੰ ਦ੍ਰਿੜ ਕਰਵਾਉਂਦੇ ਹਨ।

ਤੀਸਰਾ ਹੁਕਮਨਾਮਾ - ਗੁਰਬਾਣੀ ਕੰਠ ਕਰਨੀ। ਛੇਵਾਂ - ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ। ਅੱਠਵਾਂ - ਸ਼ਬਦ ਦਾ ਅਭਿਆਸ ਕਰਨਾ। ਨੌਵਾਂ - ਧਿਆਨ ਸਤਿ ਸਰੂਪ ਸਤਿਗੁਰੂ ਜੀ ਦਾ ਧਰਨਾ। ਦਸਵਾਂ - ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ। ਵੀਹਵਾਂ - ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ ਸੁਣਨਾ ਅਤੇ ਕਰਨਾ। ਇੱਕਤੀਵਾਂ - ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ-ਪੁਰਖ ਉੱਤੇ ਹੀ ਰੱਖਣਾ। ਤੇਤੀਵਾਂ - ਰਹਿਰਾਸ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ। ਚੌਤੀਵਾਂ - ਸੌਣ ਸਮੇ ਸੋਹਿਲੇ ਦਾ ਪਾਠ ਕਰਨਾ ਅਤੇ ਉਨਤਾਲੀਵਾਂ - ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ।

ਅੰਤਿਕਾ:- ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਵਿੱਚ ਸ਼ਬਦ-ਬਾਣੀ ਨੂੰ ਸਦਾ ਸਤਿਕਾਰ ਦਿੱਤਾ। ਦੁੱਖ ਲੱਗਦਾ ਹੈ ਜਦੋਂ ਅੱਜ ਸਿੱਖਾਂ ਨੂੰ, ਹੋਰ ਤਾਂ ਹੋਰ ਖਾਲਸਿਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਰੰਗ ਬਿਰੰਗੇ ਡੇਰਿਆਂ ਅਤੇ ਬਾਬਿਆਂ ਕੋਲ ਜਾਂਦੇ ਦੇਖਦੇ ਹਾਂ। ਗੁਰ-ਫੁਰਮਾਨ ਹੈ - ਜਾ ਕੋ ਠਾਕੁਰੁ ਊਚਾ ਹੋਈ ਸੋ ਜਨੁ ਪਰ ਘਰ ਜਾਤ ਨ ਸੋਹੀ। (ਗਉੜੀ ਭੀ ਸੋਰਠਿ ਭੀ ਪੰਨਾ 330). ਅੱਜ ਸਿੱਖਾਂ ਨੂੰ ਆਪਣੇ ਗੁਰੂ ਤੇ ਵਿਸਵਾਸ਼ ਨਹੀ ਰਿਹਾ ਇਸੇ ਲਈ ਉਹ ਹੋਰ ਦੁਆਰਿਆਂ ਤੇ ਭਟਕਦੇ ਫਿਰਦੇ ਹਨ। ਪਾਤਸਾਹ ਬਖਸ਼ਿਸ ਕਰਨ ਸਾਨੂੰ ਗੁਰੂ ਸਾਹਿਬਾਨ ਨੇ ਜਿਸ ਸ਼ਬਦ ਦੇ ਲੜ ਲਾਇਆ ਹੈ, ਉਸ ਦਾ ਸਤਿਕਾਰ ਕਰਨਾ ਆ ਜਾਵੇ। ਸਬਦ ਦੀ ਸਮਝ ਆ ਸਕੇ, ਸਬਦ ਨੂੰ ਕਮਾਉਣਾ ਸਿੱਖ ਸਕੀਏ। ਸਬਦ ਅਨੁਸਾਰ ਆਪਣਾ ਜੀਵਨ ਢਾਲ ਸਕੀਏ।

## ਗਲੋਬਲ ਸਿੱਖ ਕੌਂਸਲ ਤੇ 'ਪਹਲ' ਕੇਂਦਰ

**Punjab Education Health Employment Leher** (PEHEL)

ਸਰਦਾਰ ਗੁਲਬਰਗ ਸਿੰਘ ਬਾਸੀ ਅਤੇ
ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

ਗਲੋਬਲ ਸਿੱਖ ਕੌਂਸਲ ਦੁਨੀਆ ਭਰ ਦੇ ਸਿੱਖਾਂ ਦੀ ਸੰਸਥਾ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਦੁਨੀਆ ਭਰ ਦੇ ਸਿੱਖਾਂ ਦੀ ਆਵਾਜ਼ ਬਣਨਾ ਹੈ। ਸਿੱਖੀ ਸਿਧਾਂਤਾਂ ਨੂੰ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ, ਅਤੇ ਦੁਨੀਆ ਭਰ ਦੇ ਸਮਾਜ ਨੂੰ ਪੇਸ਼ ਕਰਨਾ ਹੈ।

ਗਲੋਬਲ ਸਿੱਖ ਕੌਂਸਲ ਹੁਣ ਵਾਲੇ ਤੇ ਭਵਿਖ ਵਿਚ ਆਉਣ ਵਾਲੇ ਵਿਸ਼ਿਆਂ ਬਾਰੇ ਵਿਅਕਤੀਗਤ ਗਲਬਾਤ, ਲਿਖਤੀ ਸੰਚਾਰ, ਔਨਲਾਈਨ ਸੰਚਾਰ ਅਤੇ ਸਮਾਚਾਰ ਪ੍ਰਸਾਰ ਕਰਨ ਵਾਲੀਆਂ ਸੰਸਥਾਵਾ ਨਾਲ ਗਲਬਾਤ ਰਾਹੀਂ ਪੂਰਾ ਕਰਦੀ ਹੈ।

ਉਪਰ ਲਿਖੇ ਢੰਗਾਂ ਤੋਂ ਬਿਨਾ, ਗਲੋਬਲ ਸਿੱਖ ਕੌਂਸਲ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਸਿੱਖ ਭਾਈਚਾਰੇ ਨੂੰ ਸਿੱਖੀ ਦੀ ਚੰਗੀ ਸਮਝ ਪ੍ਰਦਾਨ ਕਰਦੀ ਹੈ। **Punjab Education Health Employment Leher (PEHEL) ਜਾਂ** ਪੰਜਾਬ ਸਿੱਖਿਆ, ਸਿਹਤ, ਸਸ਼ਕਤੀਕਰਨ ਲਹਿਰ ('ਪਹਲ') ਇਹਨਾਂ ਵਿੱਚੋਂ ਇੱਕ ਹੈ। ਹੋਰ ਜਾਣਕਾਰੀ **globalsikhcouncil.org** ਤੇ ਉਪਲੱਬਦ ਹੈ।

'ਪਹਲ' (PEHEL) ਦਾ ਅਰੰਭ 2022 ਵਿੱਚ ਸਿੱਖਾਂ ਦੇ ਦੂਜੇ ਧਰਮਾਂ ਵੱਲ ਜਾਣ ਦੇ ਜਵਾਬ ਵਿੱਚ ਕੀਤਾ ਗਿਆ ਸੀ। ਇਸ ਦਾ ਮੁਖ ਕਾਰਨ ਈਸਾਈ ਮੱਤ ਵਲੋਂ ਸਕੂਲਾਂ ਵਿੱਚ ਮੁਫ਼ਤ ਸਿੱਖਿਆ ਤੇ ਹੋਰ ਲਾਲਚ, ਅਤੇ ਸਿੱਖ ਪਰਿਵਾਰਾਂ ਵਿੱਚ ਸਿੱਖੀ ਦੀਆਂ ਕਦਰਾਂ-ਕੀਮਤਾਂ ਬਾਰੇ ਸਮਝ ਦੀ ਘਾਟ ਸਨ।

'ਪਹਲ' (PEHEL) ਇਨ੍ਹਾਂ ਦੋਵਾਂ ਕਾਰਨਾ ਅਤੇ ਹੋਰ ਵੀ ਬਹੁਤ ਕੁਝ ਨੂੰ ਸੰਬੋਧਿਤ ਕਰਦੀ ਹੈ। ਪੜ੍ਹਾਈ ਵਿਚ ਮੁਫ਼ਤ ਮਦਦ ਅਤੇ ਸਿੱਖੀ ਜੀਵਨ ਸ਼ੈਲੀ ਬਾਰੇ ਸਿਖਾਉਣ ਦੇ ਨਾਲ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਸਿਖਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾ, ਵਿਦਿਆਰਥੀਆਂ ਲਈ ਸਵੈ-ਰੱਖਿਆ ਦੀ ਸਿਖਲਾਈ; ਅਤੇ ਮੁੱਢਲੀ ਸਿਹਤ ਸਹਾਇਤਾ, ਸਿੱਖਿਆ ਤੇ ਦਵਾਈਆਂ ਦੀ ਉਪਲਬਧਤਾ ਸ਼ਾਮਲ ਹੈ। ਇਸ ਵਿੱਚ ਵੱਖ-ਵੱਖ ਕਿਤਿਆਂ ਲਈ ਉਚ ਵਿਦਿਆ ਬਾਰੇ ਸਲਾਹ ਵੀ ਸ਼ਾਮਲ ਹੈ। ਵਿਦਿਆਰਥੀਆਂ ਨੂੰ ਹੁਨਰ ਅਧਾਰਤ ਸਿੱਖਿਆ ਬਾਰੇ ਵੀ ਸਮਝਾਇਆ ਜਾਂਦਾ ਹੈ। 'ਪਹਲ' ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਵਜੀਫੇ ਲੱਭਣ ਵਿੱਚ ਮਦਦ ਵੀ ਕਰਦੀ ਹੈ।

‘ਪਹਲ’ (PEHEL) ਕੇਂਦਰਾਂ ਵਿੱਚ ਜਾਣ ਵਾਲੇ ਬਹੁਤ ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਉੱਚ ਅੰਕ ਪ੍ਰਾਪਤ ਕਰ ਰਹੇ ਹਨ। ਇਸ ਵੇਲੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 30 ‘ਪਹਲ’ ਕੇਂਦਰ ਕੰਮ ਕਰ ਰਹੇ ਹਨ। ਇਨ੍ਹਾਂ ਕੇਂਦਰਾਂ ਦੇ ਮੈਨੇਜਰ (ਅਧਿਆਪਕ) ਪਿੰਡ ਵਿਚੋਂ ਹੀ ਲਾਏ ਜਾਂਦੇ ਹਨ। ਇਹ ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਸਬੰਧਾਂ ਨੂੰ ਨਿੱਜੀ ਸੰਪਰਕ ਅਤੇ ਸਹੂਲਤ ਪ੍ਰਦਾਨ ਕਰਨ ਲਈ ਹੈ।

ਇੱਛਾ ਹੈ ਕਿ ਪੰਜਾਬ ਦੇ ਹਰ ਪਿੰਡ ਵਿੱਚ ਅਜਿਹੇ ਕੇਂਦਰ ਖੋਲ੍ਹੇ ਜਾਣ। ਇਹ ਸਿੱਖੀ ਅਤੇ ਪੰਜਾਬ ਲਈ ਬਹੁਤ ਮਦਦਗਾਰ ਹੋਵੇਗਾ।

ਪ੍ਰਵਾਸੀ ਪੰਜਾਬੀਆਂ ਨੂੰ ਬੇਨਤੀ ਹੈ ਕਿ ਆਪਣੇ ਜਾਂ ਨੇੜਲੇ ਪਿੰਡ ਵਿੱਚ ਇੱਕ ‘ਪਹਲ’ ਕੇਂਦਰ ਖੋਲ੍ਹਣ ਵਿੱਚ ਮਦਦ ਕਰਨ।

ਹੋਰ ਜਾਣਕਾਰੀ ਕਰਨ ਲਈ ਸਰਦਾਰ ਗੁਲਬਰਗ ਸੰਘ ਬਾਸੀ +1 678-794-1794, ਜਾਂ ਹੇਠਾਂ ਵਿਖਾਏ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ ।



**ਕੱਤਕ ੨, ੨੦੨੫ (ਅਕਤੂਬਰ 16, 2025 ) ਦੇ ਵੈਬੀਨਾਰ ਵਿਚ ਆਏ**
**ਸੁਝਾਵਾਂ ਦਾ ਸੰਖੇਪ** *ਵਿਸ਼ਾ:-*

***ਗੁਰਦੁਆਰਿਆਂ ਨੂੰ ਸਿੱਖੀ ਧਰਮਸਾਲ ਬਣਾਉਣ ਲਈ ਪ੍ਰਬੰਧਕ ਤੇ ਪ੍ਰਚਾਰਕ ਸੁਝਾਅ***

**ਵਿਸ਼ਵ ਵਿਚ ਸਿੱਖ ਸੰਸਥਾਵਾਂ ਲਈ ਸੁਝਾਅ**

- ਗੁਰਬਾਣੀ ਆਧਾਰਿਤ ਸਿੱਖ ਰਹਿਤ ਮਰਿਆਦਾ ਤਿਆਰ ਕਰਨ ਜੋ ਸਭ ਵਲੋਂ ਅਪਣਾਈ ਜਾ ਸਕੇ।
- ਵਿਤ ਅਨੁਸਾਰ, ਗ੍ਰੰਥੀ ਸਿੰਘਾਂ ਤੇ ਪ੍ਰਚਾਰਕਾਂ ਲਈ ਸਿਖਲਾਈ ਦਾ ਪ੍ਰਬੰਧ ਕਰਨ। ਲਗਾਤਾਰ ਸਿਖਲਾਈ ਜ਼ਰੂਰੀ ਹੈ। ਇਹ ਆਨ ਲਾਈਨ ਵੀ ਹੋ ਸਕਦੀ ਹੈ। ਅੰਤਰ-ਧਰਮ ਗਿਆਨ ਸਿਖਲਾਈ ਦਾ ਹਿਸਾ ਹੋਵੇ।
- ਡਿਜੀਟਲ ਤੇ ਆਨ ਲਾਈਨ ਪ੍ਰਚਾਰ ਦਾ ਪ੍ਰਬੰਧ ਹੋਵੇ।

**ਗੁਰਦੁਆਰਿਆ ਦੇ ਪ੍ਰਬੰਧਕਾਂ ਲਈ ਸੁਝਾਅ।**

- ਪ੍ਰਬੰਧਕ ਸਿੱਖੀ ਸਰੂਪ ਤੇ ਗੁਰਬਾਣੀ ਵਿਚ ਸੰਪੰਨ ਹੋਣ।
- ਪ੍ਰਬੰਧਕ ਜਾਂ ਕਮੇਟੀਆਂ ਦੀ ਸਥਾਪਨਾ ਸਰਬ ਸੰਮਤੀ ਨਾਲ ਸਲੈਕਸ਼ਨ ਰਾਹੀਂ ਹੋਵੇ, ਨਾ ਕਿ ਵੋਟਾਂ ਨਾਲ।
- ਗੁਰਦੁਆਰਿਆਂ ਨੂੰ ਪੂਜਾ ਸਥਾਨ ਤੋਂ ਉਪੱਰ ਉਠ ਕੇ ਅੰਤਰ ਮੁਖੀ ਸਿੱਖਿਆ ਕੇਂਦਰ ਬਣਾਇਆ ਜਾਵੇ। ਗਿਆਨ, ਸੇਵਾ, ਸਿੱਖਿਆ, ਤੇ ਆਜ਼ਾਦ ਸੋਚ ਦਾ ਕੇਂਦਰ ਬਣਾਇਆ ਜਾਵੇ।
- ਗੁਰਮਤਿ ਅਨੁਸਾਰ ਜੀਵਨ ਜਾਚ ਦੀ ਸਿਖਿਆ ਦਾ ਪ੍ਰਬੰਧ ਕੀਤਾ ਜਾਵੇ।
- ਵੱਖ ਵੱਖ ਉਮਰ ਦੀਆਂ ਸੰਗਤਾਂ ਦੀ ਸਿਖਿਆ ਲਈ ਵੱਖ ਵੱਖ ਪ੍ਰਬੰਧ ਹੋਣ।
- ਗਿਆਨ ਵਿਚਾਰ ਵਟਾਂਦਰਾ ਤੇ ਸੰਗਤ ਦੇ ਸਵਾਲ ਸ਼ੰਕੇ ਨਵਿਰਤੀ ਲਈ ਜਵਾਬ ਦੇਣ ਦਾ ਪ੍ਰਬੰਧ ਹੋਵੇ।
- ਗੁਰਦੁਆਰਿਆ ਵਿੱਚ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਪ੍ਰਚਾਰ ਹੋਵੇ।
- ਢੁੱਕਵਾਂ ਸਿੱਖ ਇਤਿਹਾਸ ਦੱਸਿਆ ਜਾਵੇ ਪਰ ਮਿਥਿਹਾਸ ਜਾਂ ਕਰਮਾਤੀ ਸਾਖੀਆਂ ਤੇ ਪਾਬੰਦੀ ਹੋਵੇ।
- ਪੁਜਾਰੀਵਾਦ ਤੋਂ ਛੁਟਕਾਰੇ ਲਈ ਜਿਥੋਂ ਤੱਕ ਹੋ ਸਕੇ ਸੰਗਤ ਸਾਰੀ ਸੇਵਾ ਆਪ ਕਰੇ। ਕਿਸੇ ਖਾਸ ਕੰਮ ਲਈ ਜੇ ਸੰਗਤ ਸੇਵਾਵਾਂ ਨਾ ਨਿਭਾ ਸਕਣ ਉਸ ਲਈ ਇੰਤਜਾਮ ਕੀਤਾ ਜਾ ਸਕਦਾ ਹੈ।
- ਕੇਵਲ ਉਹ ਗ੍ਰੰਥੀ ਤੇ ਪ੍ਰਚਾਰਕ ਨਿਯੁਕਤ ਕੀਤੇ ਜਾਣ, ਜਿਨ੍ਹਾ ਕੋਲ ਕਿਸੇ ਸੰਸਥਾ ਵਲੋਂ ਕੋਈ ਡਿਗਰੀ ਜਾਂ ਸਰਟੀਫਿਕੇਟ ਹੋਵੇ। ਫੇਰ ਵੀ ਨਾਲ ਨਾਲ ਸੰਗਤ ਦੇ ਮੈਂਬਰਾਂ ਨੂੰ ਕੁਝ ਸੇਵਾਵਾਂ ਲਈ ਕੋਸ਼ਿਸ਼ ਹੋਵੇ ਤਾਂ ਜੋ ਸੰਗਤ ਆਪ ਵੀ ਤਿਆਰ ਹੋ ਸਕੇ।
- ਪ੍ਰਚਾਰਕਾਂ / ਸੇਵਾਦਾਰਾਂ ਲਈ ਲੋੜੀਂਦੀ ਤਨਖਾਹ ਨਿਯੁਕਤ ਕੀਤੀ ਜਾਵੇ ਤਾਂ ਜੋ ਚੜਾਵੇ ਵਲੋਂ ਧਿਆਨ ਛੱਡ ਕੇ ਤੱਤ ਗਿਆਨ ਦਾ ਪ੍ਰਚਾਰ ਕਰ ਸਕਣ।

- ਗੁਰਦੁਆਰਾ ਕੇਵਲ ਲੋੜ ਅਨੁਸਾਰ ਬਣਾਇਆ ਜਾਵੇ। ਦਿਖਾਵੇ ਜਾਂ ਮੁਕਾਬਲੇ ਲਈ ਨਹੀਂ। ਸੰਗਮਰਮਰ ਲਾਉਣਾ ਜਰੂਰੀ ਨਹੀਂ।
- ਇਮਾਰਤਾਂ ਨਾਲੋਂ ਪ੍ਰਚਾਰ ਵੱਲ ਬਹੁਤਾ ਧਿਆਨ ਦਿੱਤਾ ਜਾਵੇ।
- ਗੁਰਦੁਆਰਿਆਂ ਦੇ ਨਾਮ ਗੁਰਦੁਆਰਾ ਸਾਹਿਬ ਗਲੀ ਮੁਹੱਲਾ ਜਾਂ ਪਿੰਡ ਦੇ ਨਾ ਤੇ ਹੀ ਰੱਖੇ ਜਾਣ। ਜਾਤ ਪਾਤ ਜਾਂ ਕਿਸੇ ਵਿਅਕਤੀ ਅਧਾਰਿਤ ਨਾ ਹੋਣ।
- ਲਾਇਬ੍ਰੇਰੀ ਆਮ ਇਕੱਠੇ ਹੋਣ ਵਾਲੀ ਥਾਂ ਤੋਂ ਆਸਾਨੀ ਨਾਲ ਉਪਲਬਧ ਹੋਵੇ ਤਾਂ ਕਿ ਲੱਭਣੀ ਨਾ ਪਵੇ। ਇਸ ਵਿਚ ਆਧੁਨਿਕ ਸਹੂਲਤਾਂ (ਇੰਟਰਨੈਟ, ਵੀਡੀਓ, ਮੂਵੀ ਪਲੇਅਰ, ਆਦ) ਹੋਣ।
- ਲੰਗਰ ਸਾਦਾ ਤੇ ਪੌਸ਼ਟਿਕ ਨਿਰਧਾਰਿਤ ਕੀਤਾ ਜਾਵੇ। ਵਖਾਵੇ ਲਈ ਤੇ ਸਿਹਤ ਖਰਾਬ ਕਰਨ ਵਾਲੇ ਪਕਵਾਨਾਂ ਤੋਂ ਰਹਿਤ ਹੋਵੇ।
- ਨੌਜਵਾਨਾ ਨੂੰ ਸਿੱਖੀ ਨਾਲ ਜੋੜਿਆ ਜਾਵੇ ਅਤੇ ਪ੍ਰਬੰਧਕ ਕਮੇਟੀਆਂ ਵਿਚ ਸ਼ਾਮਲ ਕੀਤੇ ਜਾਣ।
- ਬੱਚਿਆਂ ਨੂੰ ਗੁਰਬਾਣੀ ਸਿਖਿਆ ਵਿਚ ਸਫਲਤਾ ਪ੍ਰਾਪਤ ਕਰਨ ਤੇ ਉਚਿਤ ਇਨਾਮ ਦਿੱਤੇ ਜਾਣ।
- ਲੋੜਵੰਦਾਂ ਦੀਆ ਲੋੜਾਂ ਪੂਰੀਆਂ ਕਰਨ ਦੇ ਕੇਂਦਰ, ਸਰਾਂ, ਸਫਾਖਾਨਾ, ਦਵਾਖਾਨਾ ਮੁਫਤ ਜਾਂ ਬਿਨਾ ਮੁਨਾਫੇ ਦੇ ਹੋਣ।
- ਨਗਰ ਕੀਰਤਨਾਂ ਦਾ ਕੋਈ ਲਾਭ ਨਹੀਂ। ਇਹ ਗਲਤ ਸੁਨੇਹਾ ਦੇ ਰਹੇ ਹਨ । ਜੇ ਕਰਨੇ ਹੀ ਹਨ ਤਾਂ ਸਿੱਖੀ ਲਿਟਰੇਚਰ ਵੰਡਣਾ ਜਰੂਰੀ ਅੰਗ ਹੋਵੇ।
- ਆਮਦਨ ਤੇ ਖਰਚ ਦੀ ਪਾਰ ਦਰਸ਼ਤਾ ਹੋਵੇ।

## ਸਿੱਖੀ ਪ੍ਰਚਾਰਕਾਂ ਲਈ ਸੁਝਾਅ

- ਸੰਗਤ ਨੂੰ ਪੰਜਾਬੀ (ਗੁਰਮੁਖੀ), ਅਰਦਾਸ, ਪਾਠ ਕੀਰਤਨ ਸਿਖਾਉਣ। ਇਸ ਦੀ ਫੀਸ ਹੋ ਸਕਦੀ ਹੈ।
- ਸਿਰਫ ਗੁਰਬਾਣੀ ਦੇ ਤੱਤ ਗਿਆਨ ਦਾ ਪ੍ਰਚਾਰ ਕਰਨ। ਕਰਤੇ ਦੀ ਵਿਚਾਰ ਸਾਂਝੀ ਕਰਨ। ਮੁੱਢਲੇ ਸਿੱਖੀ ਅਸੂਲਾਂ ਦਾ ਗਿਆਨ ਸਾਰੀ ਸੰਗਤ ਨੂੰ ਪ੍ਰਪੱਕ ਕਰਾਉਣ।
- ਪਰਚਾਰ ਗੁਰਬਾਣੀ ਦਾ ਜਾਂ ਗੁਰਬਾਣੀ ਦੀ ਕਸਵੱਟੀ ਤੇ ਖਰਾ ਉਤਰਨ ਵਾਲੇ ਇਤਿਹਾਸ ਦਾ ਕਰਨ। ਕਰਾਮਾਤੀ ਜਾਂ ਮਿਥਹਾਸਿਕ ਸਾਖੀਆਂ ਲਈ ਬਿਲਕੁਲ ਕੋਈ ਥਾਂ ਨ ਹੋਵੇ।
- ਪਾਠ ਕਰਨ ਵੇਲੇ ਅਤੇ ਕੀਰਤਨ ਕਰਨ ਵੇਲੇ ਗੁਰਬਾਣੀ ਦੇ ਅਰਥ ਸਰਲ ਪੰਜਾਬੀ ਅਤੇ ਸਥਾਨਿਕ ਭਾਸ਼ਾ ਵਿਚ ਸਮਝਾਏ ਜਾਣ।
- ਹੁਕਮ ਨਾਮਾ ਲੈਣ ਉਪਰੰਤ ਉਸਦੇ ਅਰਥ ਸਮਝਾਏ ਜਾਣ।
- ਗੁਰਬਾਣੀ ਅਨੁਸਾਰ ਜੀਵਨ ਜਾਚ ਤੇ ਹੁਕਮ ਰਜ਼ਾਈ ਚੱਲਣ ਦੀ ਸਿਖਿਆ ਦੇਣ।
- ਬਰਾਬਰਤਾ, ਸਾਂਝੀਵਾਲਤਾ, ਜਾਤ-ਪਾਤ ਰਹਿਤ ਵਰਤੀਰਾ ਪਰਪੱਕ ਕਰਾਉਣ।
- ਇਹ ਪਰਪੱਖ ਕਰਨ ਕਿ ਸਿੱਖੀ ਸਾਰੀ ਮਨੁੱਖਤਾ ਲਈ ਸਰਬ ਸਾਂਝਾ ਸੁਨੇਹਾ ਹੈ, ਜੋ ਮਨੁੱਖਤਾ ਦਾ ਪਾਠ ਪੜਾਉਦਾ ਹੈ।
- ਸੰਗਤ ਨੂੰ ਪ੍ਰਚੱਲਤ ਕੱਚੀ ਬਾਣੀ ਤੋਂ ਵਰਜਿਤ ਕਰਨ। ਪਖੰਡਵਾਦ / ਕਰਮਕਾਂਡ ਤੋਂ ਸੰਗਤਾ ਨੂੰ ਜਾਣੂ ਕਰਾਉਣ।
- ਦੂਸਰੇ ਧਰਮਾਂ ਦਾ ਗਿਆਨ ਵੀ ਸਾਂਝਾ ਕਰਕੇ ਸਿੱਖੀ ਦੀ ਵਿਲੱਖਣਤਾ ਦੱਸਣ।

- ਜਿਸ ਪਰਵਾਰ ਨੇ ਪਾਠ ਜਾਂ ਕੀਰਤਨ ਕਰਵਾਉਣਾਂ ਹੈ, ਜੇਕਰ ਉਨ੍ਹਾਂ ਵਿਚੋਂ ਕੋਈ ਸੁਨਣ ਵਾਲਾ ਨਾ ਹੋਵੇ ਪਾਠ ਕਰਨ ਤੋਂ ਇਨਕਾਰ ਕਰਨ।
- ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਨ।
- ਪਹਿਰਾਵੇ ਦਾ ਵਿਖਾਵਾ ਗੁਰੂ ਆਸ਼ੇ ਦੇ ਅਨੁਸਾਰ ਨਹੀਂ ਹੈ।
- ਘਰ ਘਰ ਅੰਦਰ ਪਾਠਕ ਤੇ ਪਰਚਾਰਕ ਤਿਆਰ ਕਰਨ।

**ਗਿਆਨਵਾਨ ਸਿੱਖ ਵਿਦਵਾਨਾਂ ਲਈ ਸੁਝਾਅ**

- ਸਾਰਿਆਂ ਨੂੰ ਗੁਰਬਾਣੀ ਪੜ੍ਹੀਏ, ਸਮਝੀਏ, ਤੇ ਪਰਚਾਰਕ ਬਣੀਏ ਦਾ ਪਰਚਾਰ ਕਰਨਾ।
- ਗੁਰਦੁਆਰਿਆਂ ਤੇ ਘਰਾਂ ਵਿਚ ਸੇਵਾਵਾਂ ਕਰਨ ਦੇ ਕਾਬਲ ਹੋਣਾ।
- ਗੁਰਦੁਆਰਾ ਕਮੇਟੀਆਂ ਨੂੰ ਦੱਸਣਾ ਕਿ ਕੀ ਠੀਕ ਤੇ ਕੀ ਗਲਤ ਹੋ ਰਿਹਾ ਹੈ ।
- ਲੋੜ ਅਨੁਸਾਰ ਗੁਰਦੁਆਰਾ ਕਮੇਟੀਆਂ ਵਿਚ ਸੇਵਾ ਤੇ ਪ੍ਰਬੰਧਕਾਂ ਨੂੰ ਗੁਰਬਾਣੀ ਅਨੁਸਾਰ ਪ੍ਰਬੰਧ ਚਲਾਉਣ ਵਿਚ ਸਹਾਇਤਾ ਕਰਨੀ।

**ਨਿਚੋੜ**


**ਗੁਰਦੁਆਰਿਆਂ ਵਿਚ ਗੁਰਬਾਣੀ ਪੜਨ, ਵਿਚਾਰਨ ਤੇ ਅਮਲ ਕਰਨ ਦੀ ਸਿਖਿਆ ਮਿਲੇ।**

## ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ

ਲੇਖਕ: ਡਾ. ਡੀ. ਪੀ. ਸਿੰਘ, ਕੈਨੇਡਾ

ਪ੍ਰਕਾਸ਼ਨ ਸਾਲ: 2025, ਪੰਨੇ: 109, ਮੁੱਲ: 200 ਰੁਪਏ
ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਮੋਹਾਲੀ.

ਰੀਵਿਊਕਾਰ:
ਬਲਜਿੰਦਰ ਮਾਨ, ਸੰਪਾਦਕ ਨਿੱਕੀਆਂ ਕਰੂੰਬਲਾਂ, ਮਾਹਿਲਪੁਰ (ਹੁਸ਼ਿਆਰਪੁਰ).
+91 98150-18947




ਬਾਲ ਸਾਹਿਤ ਦੇ ਖੇਤਰ ਵਿੱਚ ਵਿਗਿਆਨਕ ਕਹਾਣੀਆਂ ਦੀ ਹਮੇਸ਼ਾ ਕਮੀ ਰਹੀ ਹੈ। ਇਹਨਾਂ ਕਹਾਣੀਆਂ ਅਤੇ ਵਿਗਿਆਨਕ ਬਾਲ ਸਾਹਿਤ ਦੀ ਪੂਰਤੀ ਵਾਸਤੇ ਪਿਛਲੇ 35 ਸਾਲ ਤੋਂ ਕਾਰਜਸ਼ੀਲ ਡਾ. ਡੀ. ਪੀ. ਸਿੰਘ ਅੱਜ ਕੱਲ ਕੈਨੇਡਾ ਵਿੱਚ ਵਸਦੇ ਹਨ। ਫਿਜਿਕਸ ਦੇ ਮਾਹਿਰ ਹੋਣ ਕਰਕੇ ਉਹ ਕੁਦਰਤੀ ਵਰਤਾਰਿਆਂ ਦਾ ਗਹਿਰਾ ਅਧਿਐਨ ਕਰਦੇ ਰਹਿੰਦੇ ਹਨ।

ਕੁਦਰਤੀ ਅਧਿਐਨ ਤੋਂ ਬਾਅਦ ਉਹ ਇਹਨਾਂ ਵਿੱਚੋਂ ਮਿਲੇ ਤੱਥਾਂ ਨੂੰ ਬਾਲ ਮਨਾਂ ਦੀ ਹਾਣੀ ਭਾਸ਼ਾ ਵਿੱਚ ਕਹਾਣੀ ਅਤੇ ਲੇਖ ਆਦਿ ਸਿਨਫਾਂ ਵਿੱਚ ਸਿਰਜਦੇ ਹਨ। ਉਹਨਾਂ ਵੱਲੋਂ ਰਚੀਆਂ ਬਾਲ ਪੁਸਤਕਾਂ ਨੂੰ ਭਾਸ਼ਾ ਵਿਭਾਗ ਪੰਜਾਬ ਅਤੇ ਦੇਸ਼ ਦੀਆਂ ਰਾਸ਼ਟਰੀ ਪੱਧਰ ਦੀਆਂ ਵਿਗਿਆਨਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਡਾ. ਡੀ. ਪੀ. ਸਿੰਘ ਦੇਸ਼ ਦੁਨੀਆਂ ਵਿੱਚ ਵਿਗਿਆਨਕ ਨਜ਼ਰੀਏ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਸ਼ਾਨਦਾਰ ਕਾਰਜ ਕੀਤਾ ਤੇ ਕਰ ਰਹੇ ਹਨ। ਵਿਗਿਆਨਕ ਪਸਾਰੇ ਦੇ ਟੀਚੇ ਦੀ ਪ੍ਰਾਪਤੀ ਵਾਸਤੇ ਉਹਨਾਂ ਵੱਲੋਂ ਬੱਚਿਆਂ ਵਾਸਤੇ ਸਿਰਜਿਆ ਕਹਾਣੀ ਸੰਗ੍ਰਹਿ 'ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ' ਪਾਠਕਾਂ ਦੇ ਰੂ-ਬਰੂ ਹੋਇਆ ਹੈ।

'ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ' ਪੁਸਤਕ ਵਿੱਚ 24 ਵਿਗਿਆਨਕ ਕਹਾਣੀਆਂ ਦਰਜ ਹਨ। ਜਿਨ੍ਹਾਂ ਵਿੱਚ ਕੁਦਰਤੀ ਵਰਤਾਰਿਆਂ ਅਤੇ ਵਿਗਿਆਨਕ ਤਬਦੀਲੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਇਹਨਾਂ ਕਹਾਣੀਆਂ ਰਾਹੀਂ ਬਾਲ ਪਾਠਕਾਂ ਨੂੰ ਕੁਦਰਤ ਦੇ ਕ੍ਰਿਸ਼ਮਿਆਂ ਬਾਰੇ ਗਿਆਨ ਮਿਲਦਾ ਹੈ। ਕੁਦਰਤੀ ਵਾਤਾਵਰਣ, ਜੀਵ ਜੰਤੂ, ਹਵਾ, ਪਾਣੀ, ਜਲਗਾਹਾਂ, ਜੰਗਲ ਅਤੇ ਧਰਤੀ ਦੇ ਪ੍ਰਭਾਵ ਬਾਰੇ ਬਹੁਤ ਰੌਚਕ ਢੰਗ ਨਾਲ ਕਹਾਣੀਆਂ ਦੀ ਸਿਰਜਣਾ ਕੀਤੀ ਗਈ ਹੈ।

ਸਪਨਾ ਦੀ ਬ੍ਰਹਿਮੰਡੀ ਯਾਤਰਾ, ਸੋਨੀਆ ਤੇ ਬਿਜਲੀ ਦੀ ਦੁਨੀਆ, ਅੰਮ੍ਰਿਤ ਤੇ ਚੁੰਬਕਾਂ ਦੀ ਦੁਨੀਆ ,ਪਿੰਕੀ ਤੇ ਰੌਸ਼ਨੀ ਦਾ ਅਜਬ ਸੰਸਾਰ, ਚਿਰਾਪੂੰਜੀ ਦੇ ਅਜਬ ਨਜ਼ਾਰੇ, ਜੰਗਲ ਦੇ ਰਾਖੇ, ਉਦਾਸ ਬੱਤਖਾਂ, ਕੁਦਰਤ ਦਾ ਜਾਦੂ, ਬੱਚੇ ਤੇ ਰੋਬੋਟ, ਮੰਗਲ ਗ੍ਰਹਿ ਦਾ ਵਾਸੀ, ਠਹਿਰੇ ਹੋਏ ਸਮੇਂ ਵਾਲਾ ਗ੍ਰਹਿ ਆਦਿ ਕਹਾਣੀਆਂ ਬਹੁਤ ਹੀ ਪ੍ਰਭਾਵਸ਼ਾਲੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਇਹ ਸਭ ਕਹਾਣੀਆਂ ਬਾਲ ਮਨਾਂ ਅੰਦਰ ਪੈਦਾ ਹੋਏ ਸਵਾਲਾਂ ਦੇ ਜੁਵਾਬ ਦਿੰਦੀਆਂ ਹੋਈਆਂ ਸਮੇਂ ਦੇ ਹਾਣੀ ਬਣਾਉਂਦੀਆਂ ਹਨ।

ਕੁਦਰਤ ਦੇ ਵਿਗਿਆਨ ਨੂੰ ਪੇਸ਼ ਕਰਨ ਵਿੱਚ ਲੇਖਕ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਕਿਉਂਕਿ ਉਹਨਾਂ ਕੋਲ ਦਹਾਕਿਆਂ ਦਾ ਤਜਰਬਾ ਹੋਣ ਕਰਕੇ ਇਹਨਾਂ ਕਹਾਣੀਆਂ ਦੀ ਸਰਲਤਾ ਅਤੇ ਸਪਸ਼ਟਤਾ ਹਰ ਪਾਠਕ ਦੇ ਦਿਲ ਤੱਕ ਲਹਿ ਜਾਂਦੀ ਹੈ। ਬਾਲ ਪਾਤਰਾਂ ਦੀ ਕੁਦਰਤੀ ਵਰਤਾਰਿਆਂ ਨਾਲ ਕਰਵਾਈ ਵਾਰਤਾਲਾਪ ਇਹਨਾਂ ਦੀ ਰੌਚਕਤਾ ਵਿੱਚ ਵਾਧਾ ਕਰਦੀ ਹੈ।

ਇਹ ਕਹਾਣੀਆਂ ਵਿਗਿਆਨ ਵਰਗੇ ਵਿਸ਼ਿਆਂ ਵਿੱਚ ਪਾਠਕਾਂ ਦੀ ਰੁਚੀ ਨੂੰ ਉਜਵਲ ਕਰਦੀਆਂ ਹਨ। ਉਨਾਂ ਦੇ ਮਨ ਵਿੱਚ ਵਸਦੇ ਵਹਿਮ ਭਰਮ ਵੀ ਦੂਰ ਕੀਤੇ ਗਏ ਹਨ। ਹਰ ਵਰਤਾਰੇ ਪਿੱਛੇ ਛੁਪੇ ਰਹੱਸ ਦਾ ਜਦੋਂ ਪਾਠਕ ਨੂੰ ਗਿਆਨ ਮਿਲਦਾ ਹੈ ਤੇ ਉਸਨੂੰ ਖੁਸ਼ੀ ਅਤੇ ਪ੍ਰਸੰਨਤਾ ਦਾ ਅਹਿਸਾਸ ਹੁੰਦਾ ਹੈ। ਸੌਖੀ ਭਾਸ਼ਾ ਵਿੱਚ ਰਚੀਆਂ ਇਹ ਦਿਲਚਸਪ ਕਹਾਣੀਆਂ ਵਿਗਿਆਨਕ ਵਰਤਾਰਿਆਂ ਦੇ ਰਹੱਸ ਤੋਂ ਪਰਦਾ ਚੁੱਕਦੀਆਂ ਹਨ।

ਲੇਖਕ ਵਲੋਂ ਕਿਤੇ ਕਿਤੇ ਲੰਮੇ ਵਾਕਾਂ ਦਾ ਪ੍ਰਯੋਗ ਕਰਨ ਨਾਲ ਪਾਠਕਾਂ ਨੂੰ ਔਕੜ ਪੇਸ਼ ਆਉਂਦੀ ਹੈ। ਇਸ ਦੇ ਬਾਵਜੂਦ ਅਜਿਹੀਆਂ ਕਹਾਣੀਆਂ ਬਾਲ ਸਾਹਿਤ ਵਿੱਚ ਲੱਭਣੀਆਂ ਮੁਸ਼ਕਿਲ ਹਨ। ਇਸ ਲਈ ਸਭ ਪਾਠਕਾਂ ਨੂੰ ਇਹਨਾਂ ਦਾ ਪਾਠ ਕਰਕੇ ਆਪਣਾ ਵਿਗਿਆਨਿਕ ਨਜ਼ਰੀਆ ਵਿਸ਼ਾਲ ਕਰਨਾ ਚਾਹੀਦਾ ਹੈ।


ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਅੰਤਰਰਾਸ਼ਟਰੀ ਬਾਲ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਜਸਵਿੰਦਰ ਸਿੰਘ ਰੁਪਾਲ
ਪ੍ਰੈਸ ਸਕੱਤਰ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 22 ਨਵੰਬਰ
ਸ਼ਨੀਵਾਰ
9 AM ਕੈਲਗਰੀ
ਸਮਾਂ:
9:30 PM ਇੰਡੀਆ
8:00 AM ਬੀ ਸੀ ,ਯੂ ਐਸ ਏ
11:00 AM ਟੋਰੰਟੋ
ਦੇਸ਼ ਵਿਦੇਸ਼ ਦੇ ਬੱਚਿਆਂ ਨੂੰ ਧਾਰਮਿਕ ਕਵਿਤਾ / ਗੀਤ ਬੋਲਣ ਲਈ ਖੁੱਲਾ ਸੱਦਾ
* ਬੱਚਿਆਂ ਦੇ ਨਾਮ ਦੇਣ ਲਈ ਆਖਰੀ ਮਿਤੀ ੨੧ ਨਵੰਬਰ ੨●੨੫
* ਕਾਲ ਕਰਨ ਤੋਂ ਪਹਿਲਾਂ ਮੈਸਜ ਕਰਨਾ ਜਰੂਰੀ ਹੈ ਜੀ
* ਬੱਚੇ ਦਾ ਪੂਰਾ ਨਾਮ,ਉਮਰ,ਗਰੇਡ,ਸਥਾਨ,ਕਵਿਤਾ ਜਾਂ ਗੀਤ ਦਾ ਨਾਮ ਦੇਣ ਤੋਂ ਇਲਾਵਾ ਮਾਂ ਜਾਂ ਬਾਪ ਦਾ ਕੰਟੈਕਟ ਦੇਣਾ ਵੀ ਜਰੂਰੀ ਹੈ ਜੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਗੁਰਦੀਸ਼ ਕੌਰ ਗਰੇਵਾਲ
+1 403 404 1450
ਜਸਵਿੰਦਰ ਸਿੰਘ ਰੁਪਾਲ
+91 98147 15796

## ਚੌਕ ਚਾਂਦਨੀ ਦਾ ਬੇਮਿਸਾਲ ਸਾਕਾ

ਸ਼ਹੀਦੀਆਂ ਨੂੰ ਸਮਰਪਿਤ ਅੰਤਰ-ਰਾਸ਼ਟ੍ਰੀ ਬਾਲ ਕਵੀ ਦਰਬਾਰ


(ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ)

22-11-25 ਨੂੰ ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਬੱਚਿਆਂ ਦਾ ਅੰਤਰ-ਰਾਸ਼ਟ੍ਰੀ ਕਵੀ ਦਰਬਾਰ ਕਰਵਾਇਆ ਗਿਆ। ਸੰਸਥਾਪਕ ਸ. ਜਗਬੀਰ ਸਿੰਘ ਜੀ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਇਸ ਦਾ ਮਨੋਰਥ, ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਆਪਣੀ ਵਿਰਾਸਤ ਨਾਲ ਜੋੜਨਾ ਦੱਸਿਆ। ਅਨੁਰੀਤ ਕੌਰ ਅਤੇ ਬ੍ਰਿਜਮਿੰਦਰ ਕੌਰ ਨੇ ਬੜੇ ਸਹਿਜ ਵਿਚ ਸ਼ਬਦ ਗਾਇਨ ਕਰਕੇ, ਸਮਾਗਮ ਦੀ ਆਰੰਭਤਾ ਕੀਤੀ। ਸਿਮਰਲੀਨ ਕੌਰ ਨੇ ਆਪਣੇ ਪਿਤਾ ਸ. ਪਰਮਜੀਤ ਸਿੰਘ ਨਾਲ ਮਿਲ ਕੇ ਸਾਜਾਂ ਨਾਲ ਗੀਤ "ਬਣ ਜਾਏ ਜ਼ਿੰਦਗੀ ਦਾ, ਇਹ ਦਸਤੂਰ ਨਾਨਕ!" ਸੁਣਾ ਕੇ ਇੱਕ ਖੂਬਸੂਰਤ ਮਾਹੌਲ ਸਿਰਜ ਦਿੱਤਾ।

ਕੈਲਗਰੀ, ਟੋਰਂਟੋ, ਐਡਮੰਟਨ ਅਤੇ ਵਿਨੀਪੈੱਗ ਤੋਂ 19 (ਤਿੰਨ ਸਾਲ ਦੀ ਉਮਰ ਤੋਂ 13 ਸਾਲ ਦੀ ਉਮਰ ਦੇ) ਬੱਚਿਆਂ ਨੇ ਇਸ ਵਿੱਚ ਹਿੱਸਾ ਲਿਆ। ਤਹਿਜ਼ੀਬ ਕੌਰ ਨੇ ਸੁਜਾਨ ਸਿੰਘ ਸੁਜਾਨ ਜੀ ਦੀ ਕਵਿਤਾ, "ਭਾਈ ਜੈਤਾ ਜੀ" ਸੁਣਾਈ। ਸਿਮਰੀਨ ਕੌਰ ਨੇ ਕਵਿਤਾ "ਇੱਕ ਛੋਟਾ ਬੱਚਾ, ਦਿਲ ਦਾ ਸੱਚਾ" ਪੇਸ਼ ਕੀਤੀ। ਸ਼ਹਿਬਾਜ ਸਿੰਘ ਨੇ "ਗੁਰੂ ਨਾਨਕ ਜੀ", ਅਤੇ ਸਿਦਕ ਸਿੰਘ ਗਰੇਵਾਲ ਨੇ "ਨਾਨਕ ਜੀ, ਮੇਰੇ ਨਾਨਕ ਜੀ" ਕਵਿਤਾ ਸੁਣਾ ਕੇ ਹਾਜ਼ਰੀ ਲਗਵਾਈ। ਨੂਰ ਕੌਰ ਗਰੇਵਾਲ ਨੇ, "ਮਾਤਾ ਸਾਹਿਬ ਕੌਰ ਦੀ ਧੀ" ਕਵਿਤਾ ਸੁਣਾ ਕੇ ਸਾਂਝ ਪਾਈ। ਰਹਿਤਪ੍ਰੀਤ ਕੌਰ ਨੇ ਕਵਿਤਾ '"ਕਿਸ ਪਦਵੀ ਦਾ ਨਾਂ ਏ ਸਿੱਖੀ" ਸੁਣਾਈ। ਹਰਅਸੀਸ ਕੌਰ ਨੇ ਹਰੀ ਸਿੰਘ ਜਾਚਕ ਦੀ ਕਵਿਤਾ "ਚੌਕ ਚਾਂਦਨੀ ਦਾ ਬੇਮਿਸਾਲ ਸਾਕਾ" ਸੁਣਾਈ। ਅਨਹਦ ਕੌਰ ਅਗਮਬੀਰ ਸਿੰਘ, ਵਰਨੂਰ ਕੌਰ, ਅੰਗਦ ਸਿੰਘ, ਅਰਲੀਨ ਕੌਰ, ਅਰਥਬੀਰ ਸਿੰਘ ਭਿੰਡਰ, ਕਿਰਤਦੀਪ ਕੌਰ ਅਤੇ ਸਤਕੀਰਤਨ ਸਿੰਘ ਨੇ ਮੂਲ ਮੰਤਰ, ਦਸਾਂ ਗੁਰੂਆਂ, ਪੰਜ ਪਿਆਰਿਆਂ ਚਾਰ ਸਾਹਿਬਜ਼ਾਦਿਆਂ, ਪੰਜ ਕਕਾਰਾਂ ਦੇ ਨਾਮ ਸੁਣਾ ਕੇ ਹਾਜ਼ਰੀ ਲਵਾਈ। ਮੋਹਕਮ ਸਿੰਘ ਚੌਹਾਨ ਨੇ ਗੀਤ "ਹਿੰਦੂਆਂ ਦੀ ਰਾਖੀ ਕੀਤੀ" ਗਾ ਕੇ ਸਾਂਝ ਪਾਈ। ਜਸਜੋਤ ਕੌਰ ਨੇ ਸਟੇਜ ਸੰਚਾਲਕ ਗੁਰਦੀਸ਼ ਕੌਰ ਗਰੇਵਾਲ ਦੀ ਕਬਿੱਤ ਛੰਦ ਵਿੱਚ ਕਵਿਤਾ "ਸਤਿਗੁਰ ਨਾਨਕ ਪ੍ਰਗਟਿਆ" ਸਾਂਝੀ ਕੀਤੀ। ਅਵਿਰਾਜ ਸਿੰਘ ਨੇ "ਦੇਹਿ ਸ਼ਿਵਾ ਬਰ ਮੋਹਿ ਇਹੈ" ਸ਼ਬਦ ਰਾਹੀਂ ਹਾਜ਼ਰੀ ਲੁਆਈ। ਕਵਿਤਾਵਾਂ ਦਾ ਸਵਾਗਤ ਜੈਕਾਰੇ ਨਾਲ ਕੀਤਾ ਗਿਆ। ਬੱਚੇ ਅਗਮਵੀਰ ਸਿੰਘ ਨੇ ਆਨੰਦ ਸਾਹਿਬ ਦੀ ਸੇਵਾ ਨਿਭਾਈ। ਅਰਦਾਸ ਅਤੇ ਉਪਰੰਤ ਹੁਕਮਨਾਮੇ ਨਾਲ ਕਵੀ ਦਰਬਾਰ ਦੀ ਸਮਾਪਤੀ ਹੋਈ।

### ਸੰਪਰਕ

ਜਗਬੀਰ ਸਿੰਘ +1(587) 718-8100 ਜਾਂ ਗੁਰਦੀਸ਼ ਕੌਰ ਗਰੇਵਾਲ +1(403) 404-1450.


Gurdush Kaur Grewal
JAS
Samsung SM-S911W
Amitoj Kaur
JAS
Agamvir Singh
Paramjit Singh
Kiranjot Kaur

## ਨਿੱਕੀਆਂ ਜਿੰਦਾਂ ਵੱਡਾ ਸਾਕਾ

ਸਰਦਾਰ ਅਮਨਪ੍ਰੀਤ ਸਿੰਘ ਦੁੱਲਟ, ਕੈਲਗਰੀ (ਕੈਨੇਡਾ)
+1 (587) 971-0008)

ਬਾਜ਼ਾਂ ਵਾਲੇ ਦੇ ਬਾਲਾਂ ਦੀ ਫੜ ਉਂਗਲ,
ਕੰਢੇ ਸਰਸਾ ਦੇ ਤੁਰਿਆ ਮੈਂ ਸੁਰਤ ਕਰਕੇ।
ਚੜ੍ਹਿਆ ਪਾਣੀ ਤੇ ਲਿਸ਼ਕਦੀ ਸੀ ਬਿਜਲੀ,
ਪਾਣੀ ਖੌਰੇ ਮੁਕਾਉਣਾ ਹੈ ਅੱਜ ਵਰ ਕੇ।

ਢਕਿਆ ਸੂਰਜ, ਬੱਦਲਾਂ ਤੇ ਫੇਰ ਗਿਰਝਾਂ,
ਐਦੂੰ ਵੱਧ ਕੀ ਔਖ ਬਿਆਨ ਹੋਵੇ।
ਪਹੁ ਫੁੱਟਿਆਂ ਰਬਾਬ ਦੀ ਗੂੰਜ ਪੈਂਦੀ,
ਨਿੱਤਨੇਮ ਦਾ ਕਿਤੇ ਨਾਂ ਨੁਕਸਾਨ ਹੋਵੇ।

ਬੰਨੇ ਢਿੱਡ ਤੇ ਬਾਲ ਨੇਂ ਭੁੱਖਣ ਭਾਣੇ,
ਤੋਰ ਮੜਕਵੀਂ ਬੋਲਾਂ ਦੀ ਗੜਕ ਓਵੇਂ।
ਲਾਸਾਂ ਪਿੰਡੇ ਤੇ ਕਛਹਿਰਾ ਹੈ ਰੱਤ ਰੰਗਾ,
ਬੁਰਜ ਠੰਢਾ ਤੇ ਕਰਕੇ ਕੋਈ ਕੀ ਸੌਂਵੇ।

ਮੋਰੀ ਨਿੱਕੀ ਚੋਂ ਸਿਰ ਨਾਂ ਝੁਕਾਅ ਲੰਘੇ,
ਨੋਕ ਜੁੱਤੀ ਦੀ ਉੱਤੇ ਤਖ਼ਤ ਜਾਣੇ।
ਚੋਟ ਗੁਲੇਲ ਦੀ ਬੇਸ਼ੱਕ ਦੀ ਅੱਖ ਭੰਨੇ,
ਤੇਰੇ ਲਾਲਚ ਨਾਲ ਨਹੀਂ ਹੁੰਦੇ ਕਾਣੇ।

ਦੇਖ ਜਿੰਨਾ ਨੂੰ ਕਦੇ ਸੀ ਭੁੱਖ ਲਹਿੰਦੀ,
ਅੰਗ ਨੀਲੇ ਜਾਂ ਕਾਲੇ ਡਰਾਵਦੇ ਨੇਂ।
ਥੋੜੇ ਪਿਤਾ ਤੇ ਭਾਈ ਨੇਂ ਮਾਰ ਦਿੱਤੇ,
ਸੁਣ ਬੋਲ ਨਾਂ ਰਤਾ ਘਬਰਾਵਦੇ ਨੇ।



ਇੱਕ ਚਾਲ ਫਰੇਬ ਦੀ ਚੱਲੀ ਸੁੱਚੇ,
ਛੱਡ ਦਈਏ ਤਾਂ ਤੁਸੀਂ ਕੀ ਕਰਨਾ ਐ।
ਜਿਨਾਂ ਚਿਰ ਨਾਂ ਜ਼ੁਲਮ ਦੀ ਪਿਓਂਦ ਮੁੱਕਦੀ,
ਸਾਹ ਆਖ਼ਰੀ ਤੱਕ ਅਸੀਂ ਲੜਨਾ ਐ।

ਨੀਂਹਾਂ ਛੱਡਤੇ ਸਹਿਕਦੇ ਭੌਰ ਜਿਹੜੇ,
ਗਲਾ ਰੇਤਕੇ ਕਰਤੇ ਸ਼ਹੀਦ ਦੋਏਂ।
ਰੱਬ ਵਰਦਾ ਗੁੱਸੇ ਜਾਂ ਗ਼ਮਗੀਨ ਹੋਕੇ,
'ਦੁੱਲਟਾ' ਦਾਗ਼ ਸਮੇਂ ਤੋਂ ਕੌਣ ਧੋਏ।

## ਸੋਹਣੇ ਸ਼ਬਦ ਸੋਹਣੇ ਅੱਖਰਾਂ ਵਿੱਚ

ਸਰਦਾਰਨੀ ਮਨਿੰਦਰ ਕੌਰ, ਕੈਲਗਰੀ (ਕੈਨੇਡਾ)

ਸੁੰਦਰਤਾ ਹਮੇਸ਼ਾ ਹੀ ਮਨੁੱਖੀ ਮਨ ਨੂੰ ਖਿੱਚਦੀ ਰਹੀ ਹੈ ਅਤੇ ਸਾਰੀ ਕੁਦਰਤ ਪੂਰਨ ਸੁੰਦਰਤਾ ਵੱਲ ਵਿਕਾਸ ਕਰ ਰਹੀ ਹੈ। ਸੰਚਾਰ ਦੇ ਸਾਧਨ ਵਜੋਂ ਜਿੱਥੇ ਅਸੀਂ ਸ਼ਬਦਾਂ ਦੀ ਖੂਬਸੂਰਤੀ ਤੋਂ ਪ੍ਰਭਾਵਿਤ ਹੁੰਦੇ ਹਾਂ, ਉੱਥੇ ਉਹਨਾਂ ਸ਼ਬਦਾਂ ਨੂੰ ਜੇ ਖੂਬਸੂਰਤ ਅੱਖਰਾਂ ਵਿਚ ਪੇਸ਼ ਕੀਤਾ ਗਿਆ ਹੋਵੇ, ਤਾਂ ਧਿਆਨ ਵਧੇਰੇ ਕੇਂਦਰਿਤ ਹੁੰਦਾ ਹੈ। ਕੰਪਿਊਟਰ ਤਕਨੀਕ ਦੇ ਯੁੱਗ ਵਿੱਚ ਸੋਹਣੇ ਅੱਖਰ ਹੱਥ ਨਾਲ ਲਿਖਣੇ ਜਿੱਥੇ ਇੱਕ ਸਾਧਨਾ ਹੈ, ਉੱਥੇ ਸ਼ਾਨਾਮੱਤਾ ਵੀ ਹੈ। ਗੁਰਵਾਕ ਹੈ

* ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ॥... (ਪੰਨਾ ੮੧, ਛੰਤ)

* ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥ ... (ਪੰਨਾ ਪ੩੯, ਬਿਹਾਗੜਾ ਮਹਲਾ ੪)

ਇਸ ਤਰਾਂ ਗੁਰੂ ਸਾਹਿਬ ਨੇ ਪ੍ਰਭੂ ਦੀ ਸਿਫਤ ਸਲਾਹ ਲਿਖਣ ਵਾਲੇ ਹੱਥਾਂ ਨੂੰ ਪਵਿੱਤਰ ਕਿਹਾ ਹੈ ਅਤੇ ਉਹਨਾਂ ਦੀ ਕੁੱਲ ਨੂੰ ਵੀ ਧੰਨ ਕਿਹਾ ਹੈ।

ਮਨਿੰਦਰ ਕੌਰ ਕੈਲਗਰੀ ਉਹਨਾਂ ਬਖਸ਼ੀਆਂ ਰੂਹਾਂ ਵਿੱਚੋਂ ਇੱਕ ਹੈ, ਜੋ ਖੂਬਸੂਰਤ ਅੱਖਰਕਾਰੀ (Calligraphy) ਵਿੱਚ ਮਾਹਰ ਹਨ। ਉਹ ਬੋ ਵੈਲੀ ਕੈਲੀਗ੍ਰਾਫੀ ਗਿਲਡ ਦੀ ਐਜੂਕੇਸ਼ਨ ਕਮੇਟੀ ਦੇ ਮੈਂਬਰ ਵੀ ਹਨ। ਉਹ ਆਪਣੀਆਂ ਕ੍ਰਿਤਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਆਪਣੇ ਇੰਸਟਾਗਰਾਮ ਅਤੇ ਯੂ ਟਿਊਬ ਚੈਨਲ ਤੇ ਪਾਉਂਦੇ ਹਨ।



ਇਹ ਇੰਸਟਾਗਰਾਮ ਅਤੇ ਯੂ ਟਿਊਬ ਚੈਨਲ ਤੇ cal_m_arts ਦੇ ਨਾਮ ਹੇਠ ਪੜ੍ਹੇ ਜਾ ਸਕਦੇ ਹਨ। ਉਹਨਾਂ ਦੀ ਮੇਲ ਆਈ ਡੀ mchanney@gmail. com ਹੈ ਅਤੇ ਸੰਪਰਕ ਨੰਬਰ +1(403)399-3112 ਹੈ।

ਅਦਾਰਾ ਸਾਂਝੀ ਵਿਰਾਸਤ ਨੇ ਉਹਨਾਂ ਦੀ ਇਸ ਕਲਾ ਤੋਂ ਆਪਣੇ ਪਾਠਕਾਂ ਨਾਲ ਜਾਣੂ ਕਰਵਾਉਣ ਲਈ ਫੈਸਲਾ ਕੀਤਾ ਹੈ, ਕਿ ਹਰ ਮਹੀਨੇ ਕੁਝ ਗੁਰਮਤਿ ਸੰਦੇਸ਼ (ਬਾਣੀ ਜਾਂ ਹੋਰ ਰੂਪ ਵਿੱਚ) ਉਹਨਾਂ ਦੀ ਲਿਖਤ ਰਾਹੀਂ ਪੇਸ਼ ਕੀਤੇ ਜਾਣ। ਉਹਨਾਂ ਦੀ ਇਸ ਸੇਵਾ ਲਈ ਅਦਾਰਾ ਉਹਨਾਂ ਦਾ ਸ਼ੁਕਰਗੁਜ਼ਾਰ ਹੈ। .

**A thing of beauty is a joy forever.**
**Its loveliness increases; it will never pass into nothingness – John Keats**

*ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥

ਸਲੋਕ ਮਹਲਾ ੯

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

ਸਲੋਕ ਭਗਤ ਕਬੀਰ ਜੀ

## A Convergence of Sacred Visions: Pope Leo XIV's Message and Its Deep Resonance with Sikh Philosophy

Dr. Devinder Pal Singh
Center for Understanding Sikhism, Mississauga, Ontario (Canada)

### Abstract

*Pope Leo XIV's recent condemnation of religious violence and call for universal brotherhood at the Council of Nicaea anniversary echoes Sikh teachings articulated five centuries earlier. This article highlights parallels between the Pope's message and Sikh principles such as rejecting extremism, affirming universal fraternity through "Ik Onkar," and translating spirituality into service, exemplified by langar. Historic interfaith gestures, such as the foundation of the Golden Temple, reinforce this shared ethos. Amid rising global tensions, these convergent teachings offer urgent guidance for peace and human dignity.*

In a powerful and historic address delivered at Iznik, Turkey, the ancient site of the First Council of Nicaea, Pope Leo XIV offered a message that transcended denominational lines and spoke to humanity's shared spiritual conscience.

His appeal for peace, interfaith unity, and rejection of religiously sanctioned violence finds remarkable resonance in the ethical foundations of Sikhism. The tradition has championed these ideals for over 500 years.

### Rejecting Religious Violence: A Shared Moral Imperative



At the heart of Pope Leo's message was an unambiguous condemnation of using religion to legitimize war, extremism, and fanaticism. "We must strongly reject the use of religion for justifying war, violence, or any form of fundamentalism," His words deeply align with Sikh Gurus' teachings.

Sikh philosophy has long emphasized that spirituality cannot coexist with coercion or oppression. While the Sikh tradition upholds the duty to resist injustice, embodied in the ideal of the *Sant-Sipahi* (saint-soldier), it draws a sharp moral distinction between righteous defence and aggression.

This balance was formalized by Guru Hargobind Ji by doctrine of *Miri-Piri*, the integration of spirituality with

temporal responsibility. This was never intended for territorial expansion or conquest; it served instead as a mandate to protect the vulnerable and uphold human dignity. Pope Leo's call echoes a long-standing Sikh understanding: that religion must never be weaponized but should serve as a force for justice and compassion.

**Universal Fraternity**

Pope Leo's assertion that all people, regardless of belief, ethnicity, or identity, belong to a universal human fraternity parallels the Sikh concept of the oneness of creation. Guru Nanak Dev Ji's proclamation of *Ik Onkar*, the One Divine Reality, established the equality of all beings. This teaching rejected social divisions based on caste, creed, or nationality, affirming that all human beings emanate from the same Divine Source.

This principle was not confined to scripture but expressed through action. Guru Nanak travelled widely across regions, engaging openly with Hindu ascetics, Muslim scholars, and seekers of many traditions. His statement, "*There is no Hindu, no Muslim*," was a radical invitation for individuals to transcend labels and recognize their shared spiritual essence. In this sense, Pope Leo's emphasis on universal fraternity reflects a truth articulated by the Sikh Gurus centuries earlier, one that remains vital for interfaith harmony today.

**Spiritual Belief to Social Action**

A central theme of Pope Leo's speech was that religious values must be lived, not merely professed. Faith, he insisted, should inspire concrete actions that uplift humanity. This ethical fusion of belief and practice lies at the heart of Sikh tradition, where spirituality is inseparable from service (*seva*) and justice.

The institution of *langar*, the community kitchen established by Guru Nanak and strengthened by subsequent Gurus, embodies this in practice. By inviting people of every background to sit together and eat as equals, it dismantles social barriers and enacts the principle of brotherhood.

What Pope Leo urged in his address—that religions must inspire practical expressions of unity—Sikhism has long institutionalized as a living, inclusive tradition.

**Interfaith Cooperation: Openness**

The Pope's presence at an interfaith gathering symbolized his commitment to dialogue and reconciliation. This ethos of engagement mirrors Sikh history, which has consistently welcomed diverse spiritual voices. A significant examples is Guru Arjan Dev Ji's invitation to the Sufi saint Mian Mir to lay the foundation stone of the Harmandir Sahib. This act proclaimed

that Sikhism's holiest shrine is open to all seekers.

The Golden Temple's architecture reinforces this inclusivity: its four entrances in all cardinal directions signify openness to all people, from all paths. Pope Leo's appeal for "fraternal encounter, dialogue and cooperation" therefore resonates deeply with Sikh spiritual and historical consciousness.

**Peace: A Shared Ethical Horizon**

In urging religious communities to embrace dialogue and cooperative action in a world fractured by conflict, Pope Leo invoked a vision that aligns with the Sikh ideal of *Sarbat da Bhala,* the well-being of all humanity.

This prayer, recited daily by Sikhs, is not a passive wish but an ethical directive. Sikh history is full of sacrifices in defence of others' religious freedoms, notably Guru Tegh Bahadur Ji's martyrdom for the rights of Kashmiri Hindus. From humanitarian service to global relief efforts, Sikhs embody this commitment.

**A Call for Global Moral Unity**

In a time marked by polarization and religious intolerance, Pope Leo XIV's message is a timely reaffirmation of religion's highest calling. From a Sikh perspective, he does not introduce new ideas but reinforces enduring truths: that authentic spirituality must manifest in compassion, justice, service, and the recognition of shared humanity. As Guru Arjan Dev Ji taught, *"Ek Pita Ekas Ke Ham Barik"* (We all are children of One Father). In today's turbulent era, this ancient wisdom, shared by both traditions, remains not only spiritually profound but essential for Global Peace.

**Reference**

Lamb, C., & Haq, S. N. (2025, November 28). Pope Leo denounces misuse of religion for 'justifying' war, violence or fanaticism. CNN World. https://www.cnn.com/2025/11/28/europe/pope-leo-iznik-turkey-first-foreign-visit-intl.

# Hakeem Jogi Allah Yar Khan (1870-1956)

Professor Dr Surjit Singh Bhatti, Calgary (Canada)

Mirza Allah Yaar Khan Jogi was a famous Muslim poet who lived during the late 19th and early 20th centuries. He is known for his books "*Ganj Shaheedan*" and "*Shaheedan Wafa*", which narrate the Martyrdom of the four *Sahibzadeys* (the sons) of Guru Gobind Singh Sahib. He was born in Anarkali, Lahore, where he learnt Persian and Punjabi languages. He was a devout Muslim who had great respect for Guru Gobind Singh Sahib.

He wrote extensively about the Sikh Gurus, which led to him being ostracized by the Muslim community. He was called a "*kafir*" (non-believer) and was not allowed to enter mosques for 30 years. In his old age, a Qazi urged him to ask for forgiveness, so that he may die as a true Muslim. However, he refused, stating that his writings about Guru Gobind Singh Sahib and his *Sahibzadeys* were true. He expressed his desire to die as a "Servant of Guru Sahib". He was a very ardent believer in *Sikhi* and said : " I might be at fault for Allah but, in Guru Gobind Singh Sahib's eyes, I have committed no sin. I have only said what I believed is true."

Jogi Allah Yaar Khan's works are highly regarded by Sikhs. He used to recite his poems at Sikh gatherings. His couplets and poems are remembered for their emotional depth and reverence for the Sikh Martyrs.

***Ganj Shaheedan*** (Treasures of Martyrs)

This book narrates the Martyrdom of the two elder *Sahibzadeys* of Guru Gobind Singh Sahib, *Sahibzada* Baba Ajit Singh Ji and *Sahibzada* Baba Jujhar Singh Ji, in the Battle of Chamkaur. It is written in an emotional style, capturing the bravery and sacrifice of the two young warriors. It is a poignant account that honors their courage, steadfastness and devotion.

His poems are influenced by the *Sufi tradition*, where martyrdom is seen not as a physical death but as the annihilation of the ego and self-sacrifice in the quest for divine union. It highlights the treasures (*Ganj*) of courage left behind by the two dauntless Martyrs, a unique spiritual legacy. Their sacrifices were not in vain and provide a lasting inspiration to the world for centuries to come.

*Sahibzada* Baba Ajit Singh Ji, the eldest son of Guru Gobind Singh Sahib was born on 11 February 1687, in Paonta Sahib, received a very comprehensive education and was trained in riding, swordsmanship and archery. At 12, he led a group of 100 Sikhs to protect

innocent people looted by the Ranghars of Nuh. He rpunished the offenders. He defended Taragarh, Nirmohgarh and Basoli Forts, attacked by hill chiefs and Moghuls. He fought valiantly in the Battle of Chamkaur, where he commanded the rearguard, as besiegers attacked the evacuees. *Sahibzada* Baba Jujhar Singh Ji, Guru Sahib's second son, was born on 14 March 1691 in Anandpur Sahib. He also trained in martial arts and at 14, he fought in the Battle of Chamkaur laid down their lives for their Dharma on 21 December (8 *Poh*)1704.

***Shaheedan Wafa*** **(**Martyrs of Loyalty**)**

This book focuses on Martyrdom of the younger *Sahibzadeys* of Guru Sahib, *Sahibzada* Baba Zorawar Singh Ji and *Sahibzada* Baba Fateh Singh Ji, at Sirhind. Jogi portrays the events with deep empathy and reverence for their bravery.

It has poetic verses narrating their lives on the path of loyalty. There are also reflections on how true loyalty to the divine leads to spiritual enlightenment, and this might demand sacrifices. The text makes references to *Sufi* concepts like *fana* (self-annihilation) and mystical unity with the divine.

ß*Sahibzada* Baba Zorawar Singh Ji (1696-1705), the third son of Guru Gobind Singh Sahib, was born at Anandpur on 28 November 1696 and was nine years old at the time of the evacuation of Anandpur. *Sahibzada* Baba Fateh Singh Ji (1699-1705), the youngest of Guru Sahib's four sons, was born at Anandpur on 12 December 1699. After the death of their mother (on 5 December 1700), they were brought up by their grandmother, Mata Gujri Ji, who had been deeply attached to her grandsons. She took charge of both as the column moved out of Anandpur. They are the youngest recorded martyrs in history who laid down their lives for their 'Human Right of Worship of their *Dharma*' and are among the most hallowed martyrs in Sikh history. The two brave *Sahibzadeys* were together bricked alive to Martyrdom on 26 December (13 *Poh*) 1704 at Sirhind.

The verses of Jogi Allah Yar Khan are replete with such evocative praises.

ਬੇਟਾ ਹੋ ਤੁਮ ਹੀ ਪੰਥ ਕੇ ਬੇੜੇ ਕੇ ਖ਼ਿਵੱਯਾ ।
ਸਰ ਭੇਂਟ ਕਰੋ ਤਾਕਿ ਧਰਮ ਕੀ ਚਲੇ ਨੱਯਾ ।
ਲੇ ਦੇ ਕੇ ਤੁਮ੍ਹੀਂ ਥੇ ਮਿਰੇ ਗੁਲਸ਼ਨ ਕੇ ਬਕੱਯਾ ।
ਲੋ ਜਾਓ ਰਾਹ ਤਕਤੇ ਹੈਂ ਸਬ ਖ਼ੁਲਦ ਮੇਂ ਭੱਯਾ।
ਖ਼ਵਾਹਿਸ਼ ਹੈ ਤੁਮ੍ਹੇਂ ਤੇਗ਼ ਚਲਾਤੇ ਹੂਏ ਦੇਖੇਂ !
ਹਮ ਆਂਖ ਸੇ ਬਰਛੀ ਤੁਮ੍ਹੇਂ ਖਾਤੇ ਹੂਏ ਦੇਖੇਂ ।

This is how in the Battle of Chamkaur Sahib Guru Sahib addressed his second son, *Sahibzada* Baba Jujhar Singh Ji, after his elder brother had attained martyrdom.

Guru Sahib says : I desire that you wield the sword for *Dharma* and with my own eyes I wish to see you being hit by the sharp dagger in your chest. He emboldens the warrior son by saying :

ਜਬ ਤੀਰ ਕਲੇਜੇ ਮੇਂ ਲਗੇ ਸੀ ਨਹੀਂ ਕਰਨਾ ।
ਉਫ਼ ਮੂੰਹ ਸੇ ਮੇਰੀ ਜਾਨ ਕਭੀ ਭੀ ਨਹੀਂ ਕਰਨਾ।

Guru's sons were like lions who did not utter a single word in pain when the enemy's arrow pierced their heart in the battlefield.

ਰੋਕੇ ਸੇ ਕਭੀ ਸ਼ੇਰ ਕਾ ਬੱਚਾ ਭੀ ਰੁਕਾ ਹੈ ।
ਝੂਠੇ ਤੋ ਰੁਕੇ ਕਯਾ ਕੋਈ ਸੱਚਾ ਭੀ ਰੁਕਾ ਹੈ ।

Nobody can stop a lion. A liar can be stopped but not a truthful person:

ਬਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ।
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲਿਯੇ।

This couplet is inscribed on the Entrance of Gurdwara Katalgarh Sahib, at Chamkaur Sahib (Roop Nagar), near the site of the battle.

In another verse he wrote -I talk neither about yesterday nor about tomorrow; I talk about today. If Guru Gobind Singh were not there, all would have been circumcised under the Islamic sway.

ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਤੋ ਸੁੰਨੱਤ ਹੋਤੀ ਸਭ ਕੀ।

Allah Yar Khan's unparalleled devotion to Guru Gobind Singh Sahib and the highest possible respect for the Martyrdom of the young Sahibzadeys is palpable in his following lines.

ਮਜ਼ਾਰ 'ਗੰਜਿ ਸ਼ਹੀਦਾਂ' ਹੈ ਉਨ ਸ਼ਹੀਦੋਂ ਕਾ, ਫਰਿਸ਼ਤੇ ਜਿਨ ਕੀ ਤਰਸਤੇ ਥੇ ਖਾਕਿ ਪਾ ਕੇ ਲੀਏ।

ਉਠਾਏ ਅੰਖੋਂ ਸੇ ਆ ਕਰ ਯਹਾਂ ਕੀ ਮੱਟੀ ਕੋ,
ਜੋ ਖਾਕ ਛਾਨਤੇ ਫਿਰਤੇ ਹੈਂ ਕੀਮੀਯਾ ਕੇ ਲੀਏ ।

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ